# ਕ੍ਰਾਂਤੀ ਦੀ ਭਾਸ਼ਾ

(ਕਾਵਿ-ਸੰਗ੍ਰਹਿ)

ਕ੍ਰਾਂਤੀ-
ਪਹਿਲਾਂ, ਸੋਚ ਵਿੱਚ ਪੈਦਾ ਹੁੰਦੀ ਹੈ
ਫਿਰ, ਬੋਲਾਂ ਵਿੱਚ
ਫਿਰ, ਅਮਲਾਂ ਵਿੱਚ
-ਸੁਖਿੰਦਰ

# ਸੁਖਿੰਦਰ ਰਚਿਤ ਪੁਸਤਕਾਂ :

## ਵਿਗਿਆਨ :

- ਪੁਲਾੜ, ਸਮਾਂ ਤੇ ਪਦਾਰਥ (1972)
- ਕਾਸਮਿਕ ਕਿਰਨਾਂ ਤੇ ਵਿਸ਼ਵ (1973)
- ਵਿਸ਼ਵ ਚਰਚਾ (1975)

## ਕਵਿਤਾ :

- ਸ਼ਹਿਰ, ਧੁੰਦ ਤੇ ਰੌਸ਼ਨੀਆਂ (1974)
- ਲੱਕੜ ਦੀਆਂ ਮੱਛੀਆਂ (1979)
- ਤਿੰਨ ਕੋਣ (ਤਿੰਨ ਕਵੀ) (1979)
- ਤੂਫ਼ਾਨ ਦੀਆਂ ਜੜ੍ਹਾਂ ਵਿੱਚ (1985)
- ਬੁੱਢੇ ਘੋੜਿਆਂ ਦੀ ਆਤਮ-ਕਥਾ (1991)
- ਸ਼ਕਿਜ਼ੋਫ਼ਰੇਨੀਆਂ (1993)
- ਇਹ ਖ਼ਤ ਕਿਸਨੂੰ ਲਿਖਾਂ (1998)
- ਕੁੱਤਿਆਂ ਬਾਰੇ ਕਵਿਤਾਵਾਂ (2006)
- ਪ੍ਰਦੂਸ਼ਿਤ ਹਵਾ ਨਾਲ ਸੰਵਾਦ (2006)
- ਗਲੋਬਲੀਕਰਨ (2008)
- ਸਮੋਸਾ ਪਾਲਿਟਿਕਸ (2012)
- ਕਵਿਤਾ ਦੀ ਤਲਾਸ਼ ਵਿੱਚ (2013)
- ਕਵਿਤਾ ਦੀ ਵਾਪਸੀ (2013) (ਸ਼ਾਹਮੁਖੀ)
- ਆਮ ਆਦਮੀ ਦਾ ਇਨਕਲਾਬ (2015)
- ਡਾਇਰੀ ਦੇ ਪੰਨੇ (2016)
- ਲਹੂ ਦਾ ਰੰਗ (ਦੋ ਕਵੀ) (2017)
- ਸਾਜ਼ਿਸ਼ੀ ਮੌਸਮ (2018)
- ਕਵਿਤਾ ਕੇ ਸਾਥ ਸਾਥ (ਹਿੰਦੀ) (2018)
- ਬਾਂਦਰ ਨਾਲ ਬਹਿਸ ਕੌਣ ਕਰੇ (2019)
- ਲੌਕਡਾਊਨ (2020)
- ਕਿਸਾਨ ਯੁੱਧ (2020)
  (ਦੋ ਕਵੀਆਂ ਨਾਲ ਸਾਂਝੀ)

## ਆਲੋਚਨਾ :

- ਕੈਨੇਡੀਅਨ ਪੰਜਾਬੀ ਸਾਹਿਤ (2010)
- ਕੈਨੇਡੀਅਨ ਪੰਜਾਬੀ ਸਾਹਿਤ
  (ਭਾਗ ਦੂਜਾ) (2011)
- ਕੈਨੇਡੀਅਨ ਪੰਜਾਬੀ ਸਾਹਿਤ
  (ਭਾਗ ਤੀਜਾ) (2013)
- ਕ੍ਰਾਂਤੀ ਦੀ ਕਵਿਤਾ (2017)

## ਵਾਰਤਕ :

- ਸਿੱਧੀਆਂ ਸਪੱਸ਼ਟ ਗੱਲਾਂ (2010)
- ਮੇਰਾ ਪਾਕਿਸਤਾਨੀ ਸਫ਼ਰਨਾਮਾ (2015)
- ਮੇਰਾ ਪਾਕਿਸਤਾਨੀ ਸਫ਼ਰਨਾਮਾ (2016)
  (ਸ਼ਾਹਮੁਖੀ)
- ਗੱਲਾਂ ਪਾਕਿਸਤਾਨ ਦੀਆਂ (2019) (ਸ਼ਾਹਮੁਖੀ)
- ਗੱਲਾਂ ਪਾਕਿਸਤਾਨ ਦੀਆਂ (2019) (ਗੁਰਮੁਖੀ)

## ਸੰਪਾਦਨਾ :

- ਮਕਤਲ (ਪ੍ਰਗਤੀਵਾਦੀ ਕਵਿਤਾ- ਸਹਿ ਸੰਪਾਦਨਾ) (1982)
- ਬਘਿਆੜਾਂ ਦੇ ਵੱਸ (ਕੈਨੇਡੀਅਨ ਪੰਜਾਬੀ ਕਵਿਤਾ) (1986)
- ਮੇਰੀਆਂ ਝਾਂਜਰਾਂ ਦੀ ਛਨਛਨ (ਦਵਿੰਦਰ ਬਾਂਸਲ ਦੀ ਕੋਲਾਜ ਕਿਤਾਬ) (1999)
- ਅੰਦੋਲਨ, ਮੇਲਾ ਨਹੀਂ ਹੁੰਦਾ (52 ਕਵੀਆਂ ਦੀਆਂ ਕਵਿਤਾਵਾਂ) (2022)
- ਪੰਜਾਬੀ ਸਾਹਿਤਕ ਭ੍ਰਿਸ਼ਟਾਚਾਰ : ਖੁੱਲ੍ਹੇ ਭੇਤ (ਆਲੋਚਨਾ) (2022)

## ਨਾਵਲ :

- ਅਲਾਰਮ ਕਲਾਕ (2003)
- ਕਰੋਨਾ ਕਾਫਲੇ (2021)

## ਬੱਚਿਆਂ ਲਈ :

- ਅਨੀਤਾ ਆਂਟੀ ਅਤੇ ਬੱਚੇ (2004)

## English :

- Children Are Not Hamburger Meat (Poetry) (2005)

# ਕ੍ਰਾਂਤੀ ਦੀ ਭਾਸ਼ਾ

(ਕਾਵਿ-ਸੰਗ੍ਰਹਿ)

## ਸੁਖਿੰਦਰ

ਸਪਤਰਿਸ਼ੀ ਪਬਲੀਕੇਸ਼ਨ
ਚੰਡੀਗੜ੍ਹ

Copyright © 2022 Sukhinder

# KRANTI DI BHASHA

**(Poetry)**

*Sukhinder*
Box 67089, 2300 Yonge St.
Toronto ON M4P 1E0 Canada
Tel. (416) 858-7077
poet_sukhinder@hotmail.com

***Cover Design :***
***Dharam Kammeyana***
***Patiala, India***
***Saleem Pasha***
***Toronto Canada***

***First Edition :***
***2022***

***Price*** :

$10 (In Canada & U.S.A.)
Rs. 150 (In India)

***Published by :***

**Sapatrishi Publications**
Plot No. 24/9, Industrial Area, Phase-2
Near Tribune Chowk, Chandigarh
**Website : sapatrishipublications.com**
Email: sapatrishi94@gmail.com
0172-5002591, 94638-36591

*All rights reserved. No part of this book may be reproduced or transmitted in any form or by any means, electronic or mechanical, including photocopying, recording or any information storage and retrieval system, without permission in writing from the Author.*

# ਸਮਰਪਣ

ਕ੍ਰਾਂਤੀ ਦੀਆਂ ਉੱਚੀਆਂ ਸੁਰਾਂ
ਬਾਬਾ ਨਾਨਕ, ਬੁੱਲ੍ਹੇ ਸ਼ਾਹ, ਉਸਤਾਦ ਦਾਮਨ, ਬਾਬਾ ਨਜਮੀ
ਪਾਸ਼, ਸੰਤ ਰਾਮ ਉਦਾਸੀ, ਲਾਲ ਸਿੰਘ ਦਿਲ
ਬੌਬ ਡਿਲਨ, ਬਰੂਸ ਸਪਰਿੰਗਸਟੀਨ
ਟਰੇਸੀ ਚੈਪਮੈਨ, ਜੌਨ ਬਾਇਜ਼
ਐਲਨ ਗਿਨਜ਼ਬਰਗ, ਜੋਰਜ ਕਾਰਪੈਂਟਰ
ਨੂੰ

# ਕਿੱਥੇ ਕੀ :


1. ਕ੍ਰਾਂਤੀ ਦੀ ਭਾਸ਼ਾ
2. ਕ੍ਰਾਂਤੀ
3. ਅੰਦੋਲਨ
4. ਨ ਗਾਂਧੀ ਦੀ ਬੱਕਰੀ, ਨ ਬਾਪੂ ਦੇ ਬਾਂਦਰ
5. ਇਤਿਹਾਸ ਦੀ ਦਸਤਕ
6. ਇਤਿਹਾਸ ਦੇ ਸਿਰਜਕ
7. ਭਰਮ
8. ਕਿਸਾਨ ਯੁੱਧ
9. ਹੁਕਮਰਾਨ
10. ਸਾਡੇ ਸਮਿਆਂ ਦਾ ਸੱਚ
11. ਰਾਜਨੀਤਕ ਜੁਮਲੇਬਾਜ਼
12. ਰਾਜਨੀਤੀਵਾਨ ਨੇ ਆਖਿਆ
13. ਇਖਲਾਕ
14. ਚਾਣਕਿਆ ਰਾਜਨੀਤੀ ਮੰਤਰ
15. ਹਕੂਮਤ ਦੇ ਚਲਿੱਤਰ
16. ਸੱਤਾ ਦੀਆਂ ਕਾਲੀਆਂ ਬਿੱਲੀਆਂ
17. ਖੁਫ਼ੀਆ-ਤੰਤਰ ਦੇ ਕੁੱਤੇ
18. ਨਾਗਪੁਰੀ ਸੰਤਰੇ
19. ਸਥਾਪਤੀ ਦੇ ਪੈਰ ਚੁੰਮਣ ਦੀ ਕਾਹਲ
20. ਦੇਹਵਾਦ, ਵਿਆਗਰਾ, ਪੁਰਸਕਾਰ
21. ਸਾਡੀ ਤਰਾਸਦੀ
22. ਅੰਦੋਲਨ, ਕਦੀ ਵੀ ਮੇਲਾ ਨਹੀਂ ਹੁੰਦਾ
23. ਖਲਨਾਇਕ
24. ਖਾਕੀ ਨਿੱਕਰਾਂ
25. ਟੁੱਕੜਬੋਚ
26. ਨੀਰੋ ਦੀ ਸੰਤਾਨ
27. ਸਾਹਿਤਕ ਭਰਿਸ਼ਟਾਚਾਰ
28. ਰਾਜਨੀਤਕ ਗਿਰਗਟਾਂ
29. ਤਲਾਸ਼, ਇੱਕ ਕੌਮੀ ਸ਼ਹੀਦ ਦੀ
30. ਪਿਆਦੇ
31. ਬਦਲ ਰਹੇ ਸਮਿਆਂ ਦੀ ਦਾਸਤਾਨ
32. ਰੁਝਾਨ
33. ਤਮਾਸ਼ਾ
34. ਸਾਡੀਆਂ ਖੁਸ਼ੀਆਂ
35. ਗੈਂਗਸਟਰ ਮਾਨਸਿਕਤਾ
36. ਕਾਮਰੇਡ
37. ਹਮਾਮ ਵਿੱਚ ਸਭ ਨੰਗੇ
38. ਗਿਰਝਾਂ
39. ਜੰਗ
40. ਗਾਵਾਂ, ਸੂਰਾਂ, ਕੱਟਿਆਂ, ਦੇ ਸਿਰ
41. ਸਿਰੋਪਾ
42. ਬਾਪੂ ਦੇ ਚਾਰ ਬਾਂਦਰ
43. ਕੁੱਤੇ ਦੀ ਪੂਛ ਵਾਲਾ ਝੁਰਲੂ
44. ਊਧਮ ਸਿੰਘ
45. ਭਗਤ ਸਿੰਘ
46. ਗੱਤੇ ਦੀਆਂ ਤਲਵਾਰਾਂ
47. ਬੁੱਤਾਂ ਦੀ ਰਾਜਨੀਤੀ
48. ਜੰਗ, ਕੋਈ ਤਮਾਸ਼ਾ ਨਹੀਂ ਹੁੰਦਾ
49. ਕੌਮੀ ਸ਼ਹੀਦ
50. ਖਾਲੀ ਕੁਰਸੀਆਂ
51. ਮਿਸ ਯੂਨੀਵਰਸ
52. ਕਿਸਾਨ ਮੇਲੇ ਵਿੱਚ ਗੁਆਚੇ ਲੋਕ
53. ਮਾਲ ਬਰਿੱਜ ਕਰੈਸੈਂਟ ਦੇ ਕੁੱਤੇ
54. ਬੇਸ਼ਰਮੋਂ
55. ਇੱਛਾਧਾਰੀ ਧਰਮੀ ਸੱਪ
56. ਕਰੋਨਾ ਮਹਾਮਾਰੀ ਝੱਖੜ
57. ਕਾਲੇ ਕਾਨੂੰਨ
58. ਪਰਾਲੀ ਫੂਕ ਇਨਕਲਾਬੀਆਂ ਦਾ ਨਾਹਰਾ
59. ਨੇਤਾ ਦਾ ਭਾਸ਼ਨ
60. ਸਾਜ਼ਿਸ਼ਾਂ
61. ਕਿਸਾਨ
62. ਲਾਲ ਹਨ੍ਹੇਰੀ
63. ਭੂਸਰੇ ਹੋਏ ਸਾਨ੍ਹ
64. ਜੱਦੋਜਹਿਦ
65. ਲੋਕ-ਯੁੱਧ
66. ਗੱਲ-ਬਾਤ
67. ਤਾਂ, ਤੂੰ ਬਈ ਜਾਹ
68. ਜਸ਼ਨ
69. ਅੱਛੇ ਦਿਨ ਆਉਣ ਵਾਲੇ ਹਨ
70. ਕੂੜੇ ਦਾ ਢੇਰ
71. ਮੈਂ ਜਾਦੂਗਰ ਹਾਂ
72. ਨੁੱਕੜ ਨਾਟਕ
73. ਰਾਜ ਸਭਾ ਦੀ ਮੈਂਬਰੀ
74. 8 ਗੁੰਡੀਆਂ ਰੰਨਾਂ
75. ਖੁੱਲ੍ਹ
76. ਬੇਸੁਰੇ ਲੋਕ
77. ਕਰੋਨਾ ਸੁਨਾਮੀ
78. ਚੱਲ ਬੁੱਲ੍ਹਿਆ

79. ਚੱਲ ਦਿਲਾ...
80. ਫੇਸਬੁੱਕ
81. ਡੁਗਡੁਗੀ
82. ਕਵਿਤਾ ਦੀ ਮੌਤ ਦੀ ਖਬਰ
83. ਬੁੱਢਾ ਜਾਦੂਗਰ ਆਖਦਾ ਹੈ
84. ਭਟਕ ਰਹੀ ਆਤਮਾ
85. ਬੁੱਕਲ ਦੇ ਸੱਪ

# ਕੁਝ ਸ਼ਬਦ ਮੇਰੇ ਵੱਲੋਂ ਵੀ

ਪਿਛਲੇ ਤਿੰਨ ਸਾਲਾਂ ਦੇ ਸਮੇਂ ਵਿੱਚ ਮੇਰਾ ਵਧੇਰੇ ਧਿਆਨ ਕਿਸਾਨ ਅੰਦੋਲਨ, ਕਰੋਨਾ ਮਹਾਂਮਾਰੀ ਸੰਕਟ, ਯੂਕਰੇਨ-ਰੂਸ ਦੀ ਜੰਗ ਅਤੇ ਪੰਜਾਬੀ ਸਾਹਿਤਕ-ਸਭਿਆਚਾਰਕ ਖੇਤਰ ਵਿੱਚ, ਦਿਨ ਬਦਿਨ, ਵੱਧ ਰਹੇ ਭ੍ਰਿਸ਼ਟਾਚਾਰ ਅਤੇ ਪੰਜਾਬੀ ਸਾਹਿਤਕ ਗੈਂਗਸਟਰਾਂ ਦੇ ਵੱਧ ਰਹੇ ਦਾਬੇ ਵੱਲ ਹੀ ਰਿਹਾ ਹੈ.

ਇਸ ਲਈ ਮੇਰੇ ਨਵੇਂ ਕਾਵਿ-ਸੰਗ੍ਰਹਿ 'ਕ੍ਰਾਂਤੀ ਦੀ ਭਾਸ਼ਾ' ਵਿੱਚ ਸ਼ਾਮਿਲ ਕੀਤੀਆਂ ਗਈਆਂ ਵਧੇਰੇ ਕਵਿਤਾਵਾਂ ਦਾ ਮੂਲ ਵਿਸ਼ਾ ਉਪਰੋਕਤ ਸਮਾਜਿਕ, ਰਾਜਨੀਤਕ, ਸਭਿਆਚਾਰਕ, ਸਾਹਿਤਕ, ਖੇਤਰਾਂ ਨਾਲ ਸਬੰਧਤ ਮਸਲਿਆਂ ਦੁਆਲੇ ਹੀ ਘੁੰਮਦਾ ਹੈ.

ਮੇਰੀ ਕਵਿਤਾ ਕਦੀ ਵੀ, ਮਹਿਜ਼, ਕਾਵਿਕ-ਸੁਹਜ ਪੈਦਾ ਕਰਨ ਲਈ ਸ਼ਬਦਾਂ ਜਾਂ ਵਾਕਾਂ ਦੀ ਉਸਾਰੀ ਨਹੀਂ ਹੁੰਦੀ; ਮੇਰੀ ਕਵਿਤਾ ਤਾਂ ਸਾਡੇ ਆਸ-ਪਾਸ ਅਤੇ ਸਾਡੇ ਸਮਾਜ ਵਿੱਚ ਵਾਪਰ ਰਹੇ ਅਤਿਆਚਾਰਾਂ, ਬੇਇਨਸਾਫੀਆਂ, ਜੰਗਾਂ, ਲਾਲਸਾਵਾਂ, ਭ੍ਰਿਸ਼ਟਾਚਾਰੀਆਂ, ਦੁਰਾਚਾਰੀਆਂ, ਦਾ ਵਿਰੋਧ ਕਰਨ ਹਿਤ ਬੁਲੰਦ ਆਵਾਜ਼ ਵਿੱਚ ਆਪਣਾ ਸ਼ਾਬਦਿਕ ਪਰਚਮ ਲਹਿਰਾਉਣਾ ਹੁੰਦਾ ਹੈ.

ਪੰਜਾਬੀ ਸਾਹਿਤ ਦੀ ਪ੍ਰਸਿੱਧ ਆਲੋਚਕਾ ਡਾ. ਅਰਵਿੰਦਰ ਕੌਰ ਕਾਕੜਾ ਨੇ ਆਪਣੇ ਕੀਮਤੀ ਸਮੇਂ ਵਿੱਚੋਂ ਕੁਝ ਸਮਾਂ ਕੱਢ ਕੇ 'ਕ੍ਰਾਂਤੀ ਦੀ ਭਾਸ਼ਾ' ਕਾਵਿ-ਸੰਗ੍ਰਹਿ ਦੀ ਭੂਮਿਕਾ ਲਿਖੀ ਹੈ. ਮੈਂ ਇਸ ਯੋਗਦਾਨ ਲਈ ਡਾ. ਅਰਵਿੰਦਰ ਕੌਰ ਕਾਕੜਾ ਹੋਰਾਂ ਦਾ ਧੰਨਵਾਦ ਕਰਨਾ ਆਪਣੀ ਜ਼ਿੰਮੇਵਾਰੀ ਸਮਝਦਾ ਹਾਂ.

ਮੈਂ ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, ਦੇ ਡਾ. ਬਲਦੇਵ ਸਿੰਘ ਹੋਰਾਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ 'ਕ੍ਰਾਂਤੀ ਦੀ ਭਾਸ਼ਾ' ਕਾਵਿ-ਸੰਗ੍ਰਹਿ ਨੂੰ ਸਮੇਂ ਸਿਰ ਛਾਪ ਕੇ ਪੰਜਾਬੀ ਪਾਠਕਾਂ ਦੇ ਰੂ-ਬ-ਰੂ ਕੀਤਾ ਹੈ.

ਮੈਨੂੰ ਪੂਰੀ ਉਮੀਦ ਹੈ ਕਿ ਪੰਜਾਬੀ ਸਾਹਿਤ ਦੇ ਪਾਠਕਾਂ ਨੇ ਜਿਵੇਂ ਮੇਰੇ ਪਹਿਲੇ ਕਾਵਿ-ਸੰਗ੍ਰਹਿ ਪਸੰਦ ਕੀਤੇ ਹਨ ਉਨ੍ਹਾਂ ਨੂੰ ਮੇਰਾ ਹਥਲਾ ਕਾਵਿ-ਸੰਗ੍ਰਹਿ 'ਕ੍ਰਾਂਤੀ ਦੀ ਭਾਸ਼ਾ' ਵੀ ਪਸੰਦ ਆਵੇਗਾ.

ਨਵੰਬਰ 1, 2022

-ਸੁਖਿੰਦਰ
ਸੰਪਾਦਕ : ਸੰਵਾਦ
ਮਾਲਟਨ, ਕੈਨੇਡਾ

ਭੂਮਿਕਾ :

# ਵੰਗਾਰਮਈ ਧੁਨੀ ਤੇ ਰੋਹਮਈ ਸ਼ਬਦਾਵਲੀ ਦਾ ਕੈਨਵਸ : ਕ੍ਰਾਂਤੀ ਦੀ ਭਾਸ਼ਾ

-ਡਾ. ਅਰਵਿੰਦਰ ਕੌਰ ਕਾਕੜਾ

ਸੁਖਿੰਦਰ ਅੱਧੀ ਸਦੀ ਤੋਂ ਵੱਧ ਸਮੇਂ ਤੋਂ ਸਿਰਜਣਾ ਵਿਚ ਕਾਰਜਸ਼ੀਲ ਹੈ. ਉਸ ਨੇ ਕਵਿਤਾ, ਆਲੋਚਨਾ, ਸੰਪਾਦਨਾ, ਨਾਵਲ, ਬੱਚਿਆਂ ਲਈ ਪੁਸਤਕਾਂ ਲਿਖ ਕੇ ਸਾਹਿਤਕ ਖੇਤਰ ਦੇ ਵਿੱਚ ਆਪਣਾ ਨਾਮ ਦਰਜ ਕਰਵਾਇਆ ਹੈ ਉੱਥੇ ਉੱਚੇ ਸੁਰ ਵਾਲੀ ਪ੍ਰਤੀਰੋਧੀ ਕਵਿਤਾ ਵਿੱਚ ਵੀ ਉਸ ਦਾ ਆਪਣਾ ਮੁਕਾਮ ਹੈ. ਉਸਦੀ ਕਵਿਤਾ ਕਰੂਰ ਪ੍ਰਸਥਿਤੀਆਂ ਨਾਲ ਦਸਤਪੰਜਾ ਲੈਂਦੀ ਸਿੱਧੇ ਤੇ ਸਪਾਟ ਸ਼ਬਦਾਂ ਵਿੱਚ ਆਪਣਾ ਕਾਵਿ ਪ੍ਰਵਚਨ ਉਸਾਰਦੀ ਸਾਹਮਣੇ ਆਉਂਦੀ ਹੈ. ਇਹ ਕਵਿਤਾ ਦਿਸਦੇ ਅਮਾਨਵੀ ਵਰਤਾਰੇ 'ਤੇ ਤਿੱਖੇ ਕਟਾਖ਼ਸ਼ ਕਰਦੀ ਜੋ ਇਸ ਰਾਜਸੀ ਪ੍ਰਬੰਧ ਵਿਚਲੀ ਬੇਤਰਤੀਬੀ ਵਿਰੁੱਧ ਆਵਾਜ਼ ਬਣਦੀ ਹੈ. ਸੁਖਿੰਦਰ ਦੀ ਕਵਿਤਾ ਵਿਚਲੀ ਧੁਨੀ ਮਾਨਵ ਵਿਰੋਧੀ ਸ਼ਕਤੀਆਂ ਨਾਲ ਸੰਵਾਦ ਰਚਾਉਂਦੀ ਹੋਈ ਤਿੱਖਾ ਵਿਰੋਧ ਜਤਾਉਂਦੀ ਆਪਣੀ ਭਾਸ਼ਾ ਨੂੰ ਵੀ ਕਠੋਰ ਬਣਾ ਲੈਂਦੀ ਹੈ. ਏਹੀ ਸੁਖਿੰਦਰ ਦੀ ਕਾਵਿ ਸਿਰਜਣਾ ਦਾ ਆਪਣਾ ਹੀ ਤਰੀਕਾ ਹੈ ਜੋ ਤਤਕਾਲ ਬਾਰੇ ਤਿੱਖਾ ਪ੍ਰਤੀਕਰਮ ਦੇ ਕੇ ਕਾਵਿਕ ਧਰਮ ਨਿਭਾਉਣ ਦਾ ਵਿਸ਼ਵਾਸ ਪਾਲਦਾ ਹੈ. ਅਜਿਹੀ ਸ਼ਾਇਰੀ ਵਿਚਲੀ ਵਸਤੂ ਸਮੱਗਰੀ ਘਟਨਾਵਾਂ/ ਸੂਚਨਾਮੂਲਕ ਵਿਧੀ ਰਾਹੀਂ ਵੱਖਰਤਾ ਗ੍ਰਹਿਣ ਕਰਦੀ ਹੈ. ਸੁਖਿੰਦਰ ਦੀ ਕਵਿਤਾ ਦਾ ਮੁਹਾਂਦਰਾ ਵੀ ਏਸੇ ਤਰ੍ਹਾਂ ਦਾ ਹੈ. ਏਥੇ ਕਵੀ ਲੁੱਟ ਕੇਂਦਰਿਤ ਪ੍ਰਬੰਧ ਪ੍ਰਤੀ ਉਗਲਦੇ ਰੋਹ ਨੂੰ ਸਖ਼ਤ ਕਾਵਿ ਭਾਸ਼ਾ ਰਾਹੀਂ ਪ੍ਰਗਟਾਉਂਦਾ ਹੈ. ਉਸ ਦੇ ਸ਼ਬਦਾਂ ਦੀ ਤਿੱਖੀ ਨੋਕ ਕਈ ਕੋਣਾਂ ਤੋਂ ਵੇਖੀ ਜਾ ਸਕਦੀ ਹੈ. ਇਹ ਵੀ ਕਿਹਾ ਜਾਂਦਾ ਹੈ ਕਿ ਕਵਿਤਾ ਵਿੱਚ ਭਾਸ਼ਾ ਦੀ ਵਰਤੋਂ ਕਾਵਿ-ਸੁਹਜ ਵਧਾਉਣ ਲਈ ਵਿਸ਼ੇਸ਼ ਢੰਗ ਨਾਲ ਕੀਤੀ ਜਾਂਦੀ ਹੈ. ਕਵਿਤਾ ਵਿੱਚ ਭਾਵਾਂ ਤੇ ਖ਼ਿਆਲਾਂ ਦੇ ਅਨੁਕੂਲ ਹੀ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ. ਜਦੋਂ ਕਾਵਿ ਭਾਸ਼ਾ ਵਿੱਚ ਕੋਮਲਤਾ, ਸਹਿਜਤਾ, ਸੰਗੀਤਕਤਾ ਤੇ ਕੋਮਲ ਧੁਨੀਆਂ ਪੈਦਾ ਹੋਣ ਤਾਂ ਪਿਆਰਮਈ ਕੈਨਵਸ ਉਭਰਦਾ ਨਜ਼ਰ ਆਉਂਦਾ ਹੈ. ਜੇਕਰ ਕਿਸੇ ਕਵਿਤਾ ਵਿੱਚ ਰੋਹ ਹੋਵੇ ਤਾਂ ਭਾਸ਼ਾ ਦੀਆਂ ਧੁਨੀਆਂ ਵੀ ਖੜਕਵੀਆਂ ਤੇ ਵੰਗਾਰਤਾ ਵਾਲੀਆਂ ਬਣ ਜਾਂਦੀਆਂ ਹਨ. ਉਂਞ ਕਾਵਿ ਭਾਸ਼ਾ ਵਿੱਚ ਸ਼ਬਦਾਂ ਦੀ ਚੋਣ ਦੇ ਵਿਸ਼ੇਸ਼ ਅਰਥ ਹੁੰਦੇ ਹਨ. ਸੁਖਿੰਦਰ ਦੀ ਕਵਿਤਾ ਵਿੱਚ ਸ਼ਬਦਾਂ ਤੇ ਵਾਕਾਂ ਦੀ ਜੜਤ ਅਜਿਹੀ ਹੈ ਕਿ ਉਸ ਵਿੱਚੋਂ ਸਮਾਜਿਕ ਕਰੂਰਤਾ ਪ੍ਰਤੀ ਗਹਿਰੀ ਵਿਰੋਧਤਾ ਨਜ਼ਰ ਆਉਂਦੀ ਹੈ. ਇਸ ਕਵਿਤਾ ਵਿੱਚ ਸ਼ਬਦਾਂ ਦੇ ਅਰਥ ਸਥਿਤੀ ਦੇ ਸੰਦਰਭ ਰਾਹੀਂ ਵੇਖੇ ਜਾ ਸਕਦੇ ਹਨ. ਇਸ ਕਵਿਤਾ ਦੀ ਕਠੋਰ ਭਾਸ਼ਾ ਪਿੱਛੇ ਸਮਾਜਿਕ ਰਾਜਸੀ-ਸਿਆਸੀ ਕਾਰਨ ਸਰਗਰਮ ਹਨ. ਸੁਖਿੰਦਰ ਆਪਣੀ ਕਾਵਿ-ਭਾਸ਼ਾ ਦਾ ਮਨੋਰਥ ਭਾਵਮਈ ਬਿੰਬਾਂ ਨੂੰ ਉਸਾਰ ਕੇ

ਸੁਹਜ ਸੁੰਦਰਤਾ ਕਰਨ ਨੂੰ ਤਰਜੀਹ ਦੇਣ ਦੀ ਥਾਂ ਤੇ ਸਮਾਜ ਦੀ ਸਥਿਤੀ ਨੂੰ ਸਾਹਮਣੇ ਲਿਆਉਣਾ ਚਾਹੁੰਦਾ ਹੈ. ਜਦੋਂ ਅਸੀਂ ਉਸ ਦੀ ਇੱਕੀਵੀਂ ਕਾਵਿ ਪੁਸਤਕ 'ਕ੍ਰਾਂਤੀ ਦੀ ਭਾਸ਼ਾ' ਵਿੱਚੋਂ ਗੁਜ਼ਰਦੇ ਹਾਂ ਤਾਂ ਇਸ ਨਵੀਂ ਪੁਸਤਕ ਦੀਆਂ 85 ਕਵਿਤਾਵਾਂ ਦਾ ਕਲਾਈਮੈਕਸ ਬਹੁ ਪਾਸਾਰ ਅਮਾਨਵੀ ਵਰਤਾਰੇ ਦੇ ਵੱਖੋ-ਵੱਖਰੇ ਪੱਖਾਂ ਨੂੰ ਪੇਸ਼ ਕਰਦਾ ਹੈ. ਇਸ ਕਵਿਤਾ ਦੀ ਕੇਂਦਰੀ ਧੁਨੀ ਸਮਾਜ ਅੰਦਰਲੀ ਦਲਦਲ ਲਈ ਜ਼ਿੰਮੇਵਾਰ ਕਾਰਕਾਂ ਦਾ ਪਰਦਾਫਾਸ਼ ਕਰਦੀ ਹੈ. ਇਸ ਕਵਿਤਾ ਦਾ ਪਹਿਲਾ ਪਾਸਾਰ ਕਿਸਾਨੀ ਅੰਦੋਲਨ ਤੇ ਕੇਂਦ੍ਰਿਤ ਹੈ. ਦੇਸ਼ ਵਿਆਪੀ ਕਾਰਪੋਰੇਟ ਵਿਰੁੱਧ ਚੱਲੇ ਕਿਸਾਨ ਅੰਦੋਲਨ ਨੇ ਨਵਾਂ ਇਤਿਹਾਸ ਸਿਰਜਿਆ. ਇਸ ਅੰਦੋਲਨ ਦੇ ਅੰਦਰ ਤੇ ਬਾਹਰ ਹੋਈ ਨਵੀਂ ਸਿਰਜਣਾ ਦੇ ਬਹੁ ਪੱਖੀ ਆਯਾਮ ਹਨ. ਸੁਖਿੰਦਰ ਦਾ ਮੰਨਣਾ ਹੈ ਕਿ ਕ੍ਰਾਂਤੀ ਦੀ ਭਾਸ਼ਾ ਲੋਕ ਘੋਲਾਂ ਦੇ ਮੈਦਾਨ ਵਿੱਚੋਂ ਪੈਦਾ ਹੁੰਦੀ ਹੈ. ਜਿੱਥੇ ਕਹਿਣੀ ਤੇ ਕਰਨੀ ਵਿਚਲਾ ਫਰਕ ਮਿਟ ਜਾਂਦਾ ਹੈ. ਇਸ ਪੁਸਤਕ ਦੀ ਪਹਿਲੀ ਕਵਿਤਾ ਕ੍ਰਾਂਤੀ ਦੀ ਭਾਸ਼ਾ ਤੇ ਇਹ ਪੁਸਤਕ ਦਾ ਸਿਰਨਾਵਾਂ ਟਿਕਿਆ ਹੈ

ਕਿਸਾਨ ਕ੍ਰਾਂਤੀ ਦੀ ਭਾਸ਼ਾ
ਸਿਰਜ ਰਹੇ ਹਨ-
ਇਹ ਭਾਸ਼ਾ, ਹੌਲੀ, ਹੌਲੀ
ਆਪਣਾ, ਰੰਗ ਦਿਖਾਏਗੀ
ਜਦੋਂ ਕ੍ਰਾਂਤੀ ਦੇ, ਸੂਹੇ ਫੁੱਲ
ਦੂਰ, ਦੂਰ, ਤੱਕ ਖਿੜ ਉੱਠਣਗੇ

ਕਵਿਤਾ ਵਿਚਲਾ ਪਾਤਰ ਕ੍ਰਾਂਤੀ ਦੀ ਰਮਜ਼, ਸੋਚ, ਬੋਲ ਤੇ ਅਮਲਾਂ ਨੂੰ ਪਛਾਣਦਾ ਅੰਦੋਲਨ ਵਿਚ ਜੋਸ਼ ਭਰੇ ਅਹਿਸਾਸਾਂ ਅੰਦਰ ਬਲਦੇ ਅੰਗਿਆਰਾਂ ਦੀ ਭਾਸ਼ਾ ਵੀ ਉਲੀਕਦਾ ਹੈ. ਇਹ ਕਵਿਤਾ ਸੱਤਾ ਦਾ ਭਰਮ ਤੋੜਨ ਤੇ ਇਤਿਹਾਸ ਦੇ ਸਿਰਜਕਾਂ ਦੀਆਂ ਕਥਾਵਾਂ ਵਿਚੋਂ ਜਮਾਤੀ ਸਮਾਜ ਦੇ ਚਿੰਨਾਂ ਦੀ ਤਲਾਸ਼ ਕਰਦੀ ਹੈ. ਇਸ ਵਿਚਲੀ ਅੰਤਰੀਵ ਭਾਵਨਾ ਲੋਕ ਇਤਿਹਾਸ ਦੀ ਦਸਤਕ, ਇਤਿਹਾਸ ਨਾਲ ਚਲਣਾ, ਇਤਿਹਾਸ ਦੀ ਸਿਰਜਣਾ, ਇਤਿਹਾਸ ਬਣਨ ਦੇ ਮਾਈਨੇ ਦਸਦੀ ਜ਼ਿੰਦਗੀ ਜਿਉਣ ਦਾ ਸਲੀਕਾ ਵੀ ਪੇਸ਼ ਕਰਦੀ ਹੈ. ਕਿਰਤੀ-ਕਾਮੇ, ਕਿਸਾਨ ਦੇ ਸੋਹਲੇ ਗਾਉਂਦੀ ਇਹ ਕਵਿਤਾ ਸੰਘਰਸ਼ ਦੀਆਂ ਏਨਾਂ ਪੈੜਾਂ ਦੇ ਅਰਥਾਂ ਨੂੰ ਧਰਮ, ਜਾਤ, ਬੋਲੀ ਤੇ ਸਭਿਆਚਾਰ ਤੋਂ ਪਾਰ ਜਾ ਕੇ ਪਰਿਭਾਸ਼ਿਤ ਕਰਦੀ ਹੈ. ਕਿਸਾਨ ਅੰਦੋਲਨ ਪ੍ਰਤੀ ਹਮਦਰਦੀ ਇਨ੍ਹਾਂ ਕਵਿਤਾਵਾਂ ਦੇ ਵਿੱਚੋਂ ਜਿੱਥੇ ਪਰਗਟ ਹੁੰਦੀ ਹੈ ਉੱਥੇ ਸੱਤਾਧਾਰੀ ਜਮਾਤ ਪ੍ਰਤੀ ਤਿੱਖਾ ਵਿਰੋਧ ਵੀ ਝਲਕਦਾ ਹੈ. 'ਕਿਸਾਨ ਯੁੱਧ', 'ਬੇਸ਼ਰਮੋ', 'ਕਾਲੇ ਕਾਨੂੰਨ', 'ਕਿਸਾਨ', 'ਅੰਦੋਲਨ, ਕਦੀ ਵੀ ਮੇਲਾ ਨਹੀਂ ਹੁੰਦਾ' ਆਦਿ ਕਵਿਤਾਵਾਂ ਇਸ ਪੱਖ ਦੀ ਪੈਰਵੀ ਕਰਦੀਆਂ ਹਨ. ਇਨ੍ਹਾਂ ਵਿਚਾਰਾਂ ਨੂੰ ਕਾਵਿ ਰੂਪ ਵਿੱਚ ਸਕਾਰਿਤ ਕਰਨ ਸਮੇਂ ਕਾਲ, ਕਾਰਜ ਤੇ ਕਾਰਨ ਵਿੱਚ ਸੁਮੇਲਤਾ ਕਾਇਮ ਰੱਖਣੀ ਲਾਜ਼ਮੀ ਹੈ. ਇਸ ਕਵਿਤਾ ਵਿਚਲਾ ਦੂਸਰਾ ਪਸਾਰ ਕਰੋਨਾ ਸੰਕਟ 'ਤੇ ਕੇਂਦਰਤ ਹੈ. ਕਰੋਨਾ ਸੰਕਟ ਦੇ ਬਹੁਪਰਤੀ ਆਯਾਮ ਦੀ ਪ੍ਰਭਾਵਿਕਤਾ ਨੂੰ ਵਾਚਦਿਆਂ ਸੁਖਿੰਦਰ ਭਾਰਤੀ ਸਮਾਜ ਵਿੱਚ ਇਸ ਸੰਕਟ ਦੀਆਂ ਬਹੁਪਰਤੀ ਚੁਣੌਤੀਆਂ ਨੂੰ ਰਾਹ ਪਾਉਣ ਦੀ ਕੋਸ਼ਿਸ਼ ਕਰਦਾ ਹੈ. ਕਵੀ ਨੇ ਇਸ ਤਰ੍ਹਾਂ ਦੇ ਮੁਸ਼ਕਿਲਾਂ ਭਰੇ ਹਾਲਾਤ ਤਹਿਤ ਸਮਾਜਿਕ ਜੀਵਨ ਵਿੱਚ ਵਿਚਰਦੇ ਮਨੁੱਖ ਦੇ ਅਸਲ ਖਾਸੇ ਨੂੰ ਹੀ ਨਹੀਂ ਬਲਕਿ ਪੂਰੇ ਸਮਾਜਿਕ ਪ੍ਰਬੰਧ ਦੇ ਗੁਣਾਂ /

ਔਗੁਣਾਂ ਨੂੰ ਉਭਾਰ ਕੇ ਸਾਹਮਣੇ ਲਿਆਉਣ ਦਾ ਯਤਨ ਕੀਤਾ. ਅਜਿਹੇ ਸੰਕਟਮਈ ਸਮੇਂ ਵਿੱਚ ਦੇਸ਼ ਵਿਚਲੇ ਵਿਕਾਸ ਦੇ ਹਕੀਕੀ ਦਰਸ਼ਨ ਕਰਵਾਉਣ ਦੀ ਕੋਸ਼ਿਸ਼ ਕੀਤੀ. ਸੁਖਿੰਦਰ ਅਜਿਹੇ ਹਾਲਤਾਂ ਦੀ ਤਸਵੀਰਕਸ਼ੀ ਕਰਦਾ ਹੋਇਆ ਕਾਰਪੋਰੇਟ ਜਗਤ ਦੀ ਅੰਨ੍ਹੀ ਲੁੱਟ ਉੱਪਰ ਵੀ ਉਂਗਲ ਰੱਖਦਾ ਹੈ. ਭਾਰਤ ਦੀ ਸੱਤਾਧਾਰੀ ਜਮਾਤ ਤੇ ਕਟਾਖਸ਼ ਕਰਦਾ ਹੋਇਆ ਚੇਤਨਹੀਣ ਮਨੁੱਖ ਦੀ ਮਾਨਸਿਕਤਾ ਨੂੰ ਅੰਧ-ਵਿਸ਼ਵਾਸੀ ਚੱਕਰਵਿਊ ਵਿੱਚ ਘੁੰਮਦਿਆਂ ਤੇ ਲਾਹਨਤਾਂ ਪਾਉਂਦਾ ਹੈ. 'ਨੀਰੋ ਦੀ ਸੰਤਾਨ' ਕਵਿਤਾ ਵਿੱਚੋਂ ਝਲਕ ਮਿਲਦੀ ਹੈ. ਇਹ ਕਵਿਤਾ ਸੱਤਾਰੂੜ ਜਮਾਤ ਦੇ ਪਾਖੰਡ, ਅੰਧਵਿਸ਼ਵਾਸ ਤੇ ਮਿਥਿਹਾਸ ਨੂੰ ਜੀਵੰਤ ਅੰਸ਼ ਬਣਾਉਣ ਦੀਆਂ ਕੋਸ਼ਿਸ਼ਾਂ ਦੇ ਘਟਨਾਕ੍ਰਮ ਨੂੰ ਵੀ ਪ੍ਰਤਖ ਰੂਪ ਵਿੱਚ ਚਿਤਰਮਾਨ ਕਰਦੀ ਹੈ. ਮੌਜੂਦਾ ਸਥਿਤੀ 'ਚ ਵੀ ਕਰੋਨਾ ਦੀ ਆੜ ਵਿੱਚ ਧਾਰਮਿਕ ਕਠਮੁੱਲਾਵਾਦ ਤੇ ਧਾਰਮਿਕ ਅਡੰਬਰਵਾਦ ਦੇ ਕਈ ਰੂਪ ਸਾਹਮਣੇ ਆਏ. ਸੁਖਿੰਦਰ ਦੀ ਕਵਿਤਾ ਵਿਚਲਾ ਪਾਤਰ ਅਜਿਹੇ ਸੱਤਾ ਦੇ ਚਮਚਿਆਂ ਦੀ ਖਿੱਲੀ ਉਡਾਉਂਦਾ ਹੈ ਜੋ ਤਰਕਸ਼ੀਲ ਤੇ ਵਿਗਿਆਨਕ ਲੀਹਾਂ ਦੀ ਥਾਂ ਹੁਕਮਰਾਨ ਦੀ ਹਾਂ ਵਿੱਚ ਹਾਂ ਮਿਲਾਉਂਦੇ ਰਹੇ. ਕਵਿਤਾ ਗੋਦੀ ਮੀਡੀਆ ਤੇ ਅੰਨ੍ਹੇ ਭਗਤਾਂ ਬਾਰੇ ਸੁਆਲ ਉਠਾਉਂਦੀ ਹੈ.

ਜਦੋਂ ਸਾਰਾ ਹੀ ਦੇਸ਼
ਕਰੋਨਾ ਮਹਾਂਮਾਰੀ ਦੀ ਅੱਗ 'ਚ
ਝੁਲਸ ਰਿਹਾ ਸੀ
ਤਾਂ ਅੰਧ ਭਗਤ, ਆਪਣੀਆਂ ਪੂਛਾਂ ਨਾਲ
ਨੀਰੋ ਦੀ ਬੰਸਰੀ ਬੰਨ੍ਹ
ਨੀਰੋ ਦੀ ਅਰਾਧਨਾ ਕਰਨ ਵਿੱਚ
ਮਦਮਸਤ ਹੋ
ਆਪਣੇ ਹੀ ਤਾਬੂਤਾਂ 'ਚ
ਕਿੱਲ ਠੋਕਣ ਦੀਆਂ ਤਰਤੀਬਾਂ
ਢੂੰਡਦੇ ਰਹੇ

'ਕਰੋਨਾ ਪੀਰੀਅਡ', 'ਕਰੋਨਾ ਸੁਨਾਮੀ', 'ਕਰੋਨਾ ਮਹਾਂਮਾਰੀ ਝੱਖੜ' ਆਦਿ ਕਵਿਤਾਵਾਂ ਵਿੱਚੋਂ ਇਸ ਕਰੋਨਾ ਸਮੇਂ ਦੀ ਤ੍ਰਾਸਦਿਕ ਸਥਿਤੀ ਕਈ ਪੱਖਾਂ ਤੋਂ ਵਾਚੀ ਜਾ ਸਕਦੀ ਹੈ. ਕਾਰਪੋਰੇਟੀ ਮੁਨਾਫ਼ੇ ਦੇ ਆਧਾਰਤ ਮਾਡਲ ਤੇ ਸੰਸਾਰੀਕਰਨ ਦੀਆਂ ਨੀਤੀਆਂ ਆਦਿ ਦੀ ਪ੍ਰਭਾਵਿਕਤਾ ਇਸ ਕਰੋਨਾ ਦੌਰ ਦੇ ਵਿੱਚ ਝਲਕਦੀ ਰਹੀ. ਇਹ ਕਿਸੇ ਨਾ ਕਿਸੇ ਰੂਪ ਵਿਚ ਪਰਗਟ ਹੋ ਰਹੀ ਹੈ. ਵਿਸ਼ਵ ਦੀਆਂ ਵੱਧ ਤੋਂ ਵੱਧ ਮੰਡੀਆਂ ਹਥਿਆਉਣ ਲਈ ਹੋ ਰਹੀ ਖਹਿਬਾਜ਼ੀ ਸਾਮਰਾਜੀ ਮੁਲਕਾਂ ਅੰਦਰ ਮੁਨਾਫ਼ੇ ਦੀ ਲਾਲਸਾ ਨੂੰ ਹੋਰ ਬੜਾਵਾ ਦੇ ਰਹੀ ਹੈ. ਉਹ ਆਪੋ ਆਪਣੀ ਮੰਡੀ ਤੇ ਕਬਜ਼ਾ ਰੱਖਦਿਆਂ ਨਵੇਂ ਨਵੇਂ ਫਾਰਮੂਲੇ ਘੜ ਰਹੇ ਹਨ. ਦੁਨੀਆਂ ਭਰ ਵਿੱਚ ਲੱਗ ਰਹੀਆਂ ਜੰਗਾਂ ਦਾ ਕਾਰਨ ਵੀ ਕਵੀ ਸਰਮਾਏਦਾਰੀ ਕਸ਼ਮਕਸ ਨੂੰ ਦੱਸਦਾ ਹੈ. 'ਜੰਗ', 'ਜੰਗ ਕੋਈ ਤਮਾਸ਼ਾ ਨਹੀਂ ਹੁੰਦਾ' ਕਵਿਤਾਵਾਂ ਰਾਹੀਂ ਕਵੀ ਨੇ ਜੰਗਾਂ ਲਾਉਣ ਵਾਲੀਆਂ ਧਿਰਾਂ ਦੀ ਸਖਤ ਆਲੋਚਨਾ ਕਰਦਿਆਂ ਇਸ ਪਿਛਲੇ ਸੱਚ ਨੂੰ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ ਹੈ. ਕਵੀ ਯੂਕਰੇਨ, ਇਰਾਕ਼, ਅਫਗਾਨਿਸਤਾਨ ਆਦਿ ਖੇਤਰਾਂ ਨਾਲ ਜੰਗ ਨੂੰ ਜੋੜਨ ਦੀ ਬਜਾਏ ਇਸ ਪਿਛਲੇ ਕਾਰਨਾਂ ਦੀ ਨਿਸ਼ਾਨਦੇਹੀ ਕਰਦਾ ਹੈ.

ਜਦੋਂ ਤੱਕ ਮਨੁੱਖ ਅੰਦਰ
ਵਿਉਪਾਰਕ ਮੰਡੀਆਂ ਦੀ ਭੁੱਖ ਰਹੇਗੀ
ਜਦੋਂ ਤੱਕ ਮਨੁੱਖ ਅੰਦਰ
ਚੌਧਰ ਦੀ ਭੁੱਖ ਰਹੇਗੀ
ਜਦੋਂ ਤੱਕ ਮਨੁੱਖ ਅੰਦਰ
ਮੁਨਾਫ਼ੇ ਦੀ ਭੁੱਖ ਰਹੇਗੀ
ਧਰਤੀ ਦੇ ਕਿਸੀ ਨ ਕਿਸੀ
ਕੋਨੇ ਵਿਚ ਜੰਗ ਦੇ ਭਾਂਬੜ
ਬਲਦੇ ਹੀ ਰਹਿਣਗੇ

ਕਵਿਤਾ ਦਾ ਇਕ ਪਾਸਾਰ ਮਾਨਵ ਵਿਰੋਧੀ ਰਾਜਸੀ ਪ੍ਰਬੰਧ ਤੇ ਸਮਾਜ ਦੇ ਵੱਖ-ਵੱਖ ਖੇਤਰਾਂ ਵਿੱਚ ਫੈਲੇ ਭ੍ਰਿਸ਼ਟਾਚਾਰ ਤੇ ਵੱਖੋ ਵੱਖਰੇ ਰੂਪਾਂ ਉਪਰ ਵੀ ਕੇਂਦ੍ਰਿਤ ਹੈ. ਇਸ ਭ੍ਰਿਸ਼ਟਾਚਾਰ ਦੀ ਵਿਵਸਥਾ ਦੇ ਵਿੱਚ ਪੈਦਾ ਹੋਇਆ ਗੈਂਗਵਾਦ ਸਮਾਜ ਦੇ ਸਮਾਜਿਕ ਵਿਕਾਸ ਦੇ ਰਾਹ ਵਿੱਚ ਰੋੜਾ ਬਣਿਆ ਖੜ੍ਹਾ ਹੈ. ਕਵੀ ਆਪਣੀ ਇਸ ਪੁਸਤਕ ਦੇ ਵਿੱਚ ਵਾਰ ਵਾਰ ਇਹ ਸਵਾਲ ਖੜ੍ਹਾ ਕਰਦਾ ਹੈ ਕਿ ਇਹ ਗੈਂਗਸਟਰ ਕੌਣ ਪੈਦਾ ਕਰਦਾ ਹੈ ਤੇ ਇਸ ਨੂੰ ਪਾਲਣ ਵਾਲੇ ਮਨੁੱਖ ਕੌਣ ਹਨ. ਗੈਂਗਸਟਰ ਸਿਆਸੀ ਪ੍ਰਪੰਚਾਂ ਤੇ ਹੋਰ ਸੰਸਥਾਵਾਂ ਦਾ ਕਿਸ ਤਰ੍ਹਾਂ ਸਹਾਰਾ ਲੈ ਕੇ ਆਪਣਾ ਵਿਸਥਾਰ ਕਰ ਰਹੇ ਹਨ. ਆਪਣੀ ਹਉਮੇ ਦਾ ਸ਼ਿਕਾਰ ਹੋਇਆ ਬੀਮਾਰ ਮਾਨਸਿਕਤਾ ਵਾਲਾ ਮਨੁੱਖ ਦੂਸਰਿਆਂ ਨੂੰ ਅਧੀਨ ਕਰਨ ਲਈ ਕਈ ਗ਼ਲਤ ਹੱਥ ਕੰਡੇ ਵਰਤਦਾ ਹੈ ਆਪਣੀ ਧੌਂਸ ਦਾ ਪ੍ਰਗਟਾਅ ਕਰਦਿਆਂ ਕਿਥੋਂ ਤੱਕ ਗਿਰ ਜਾਂਦਾ ਹੈ. ਅਜਿਹੇ ਮਨੁੱਖ ਆਪਣੇ ਡਿਕਟੇਟਰਤੰਤਰ ਪ੍ਰਸਾਰ ਕਰਨ ਲਈ ਖ਼ੌਫ਼, ਡਰ ਤੇ ਹਿੰਸਾ ਦਾ ਮਾਹੌਲ ਪੈਦਾ ਕਰਦੇ ਹਨ. ਅਜਿਹੀ ਸਥਿਤੀ ਅੱਗੇ ਜਾਂ ਤਾਂ ਲੋਕ ਚੁੱਪ ਕਰ ਜਾਂਦੇ ਹਨ. ਇਸ ਦਾ ਮੁਕਾਬਲਾ ਕਰਨ ਲਈ ਟਾਂਵੇਂ-ਟਾਂਵੇਂ ਲੋਕ ਨਿਤਰਦੇ ਹਨ. ਸੁਖਿੰਦਰ ਦੀ ਕਵਿਤਾ ਅਜਿਹੀ ਗੈਂਗਸਟਰ ਮਾਨਸਿਕਤਾ ਨਾਲ ਦਸਤਪੰਜਾ ਲੈਣ ਲਈ ਤਿਆਰ ਹੈ. ਕਵਿਤਾ ਵਿਚਲਾ ਪਾਤਰ ਬੇਬਾਕੀ ਨਾਲ ਆਪਣੀ ਬਿਆਨਬਾਜ਼ੀ ਕਰਦਾ ਹੈ.

ਗੈਂਗਸਟਰ ਮਾਨਸਿਕਤਾ
ਅੱਖਾਂ ਤੋਂ ਅੰਨ੍ਹੀ
ਕੰਨਾਂ ਤੋ ਬੋਲੀ
ਮੂੰਹਾਂ ਤੋਂ ਗੂੰਗੀ
ਹੁੰਦੀ ਹੈ

..............................
ਜੰਗਲ ਦੀ ਅੱਗ ਵਾਂਗ ਫੈਲਦੀ ਹੈ
ਕੈਂਸਰ ਦੇ ਰੋਗ ਵਾਂਗ ਤਬਾਹੀ ਕਰਦੀ
ਫੇਸਬੁੱਕ, ਇੰਟਰਨੈੱਟ, ਇੰਸਟਾਗਰਾਮ, ਯੂਟਿਊਬ ਦੇ
ਗਲੋਬਲੀ, ਰਾਜ ਸਿੰਘਾਸਨਾਂ ਉੱਤੇ ਬੈਠੇ
ਕਬਰਸਤਾਨਾਂ, ਸ਼ਮਸ਼ਾਨਘਾਟ, ਗੈਸ ਚੈਂਬਰਾਂ ਦੀ
ਸਲਾਮਤੀ ਲਈ ਦੁਆਵਾਂ ਕਰਦੀ ਹੈ
ਇਹ ਅਹਿਮ ਮੁੱਦਾ ਹੈ ਕਿ ਰਾਜਨੀਤੀ ਭਰਿਸ਼ਟਾਚਾਰ ਰਾਜਸੀ ਪ੍ਰਬੰਧ ਨੂੰ

ਲਗਾਤਾਰ ਗੰਧਲਾ ਕਰਦਾ ਹੈ. ਆਪਣੇ ਮੁਨਾਫੇ ਦੇ ਹਿਤ ਨੂੰ ਮੁਖ ਰੱਖਦੇ ਹੋਏ ਗਿਰਗਟਾਂ ਵਾਂਗ ਰੰਗ ਵਟਾਉਂਦੇ ਭ੍ਰਿਸ਼ਟਾਚਾਰੀ ਲੋਕ ਕਿਵੇਂ ਸਥਾਪਤੀ ਦਾ ਪੁਰਜ਼ਾ ਬਣਦੇ ਹਨ. ਕਵਿਤਾ ਵਿਚਲਾ ਪਾਤਰ ਇਸ ਗੱਲੋਂ ਪੂਰਨ ਤੌਰ ਤੇ ਸੁਚੇਤ ਹੈ ਕਿ ਵੋਟਤੰਤਰ ਦੀ ਰਾਜਨੀਤੀ ਪਾਲਦੇ ਹੁਕਮਰਾਨ ਸਿਰਫ਼ ਆਪਣੀ ਕੁਰਸੀ ਦੀ ਰਾਖੀ ਲਈ ਹਾਂ ਮਿਲਾਉਣ ਵਾਲੇ ਖੋਖਲੇ ਕਿਰਦਾਰਾਂ ਦੀ ਭੀੜ ਇਕੱਠੀ ਕਰਦੇ ਹਨ. ਜਦੋਂ ਦੇਸ਼ ਦੇ ਹਾਕਮ ਫਿਰਕੂ ਫਾਸ਼ੀਵਾਦ ਦੇ ਉੱਤਰਕੇ ਧਰਮ ਤੰਤਰੀ ਸਟੇਟ ਬਣਾਉਣ ਲਈ ਧਾਰਮਿਕ ਕੱਟੜਤਾ ਦਾ ਪ੍ਰਸਾਰ ਕਰਦੇ ਹਨ ਤਾਂ ਧਾਰਮਿਕ ਸੰਕੀਰਣਤਾ ਵਿਚ ਫਸੇ ਲੋਕ ਕਈ ਤਰ੍ਹਾਂ ਦੀਆਂ ਘਟਨਾਵਾਂ ਨੂੰ ਅੰਜਾਮ ਦਿੰਦੇ ਹਨ. ਅਜਿਹੇ ਟੁੱਕੜਬੋਚਾਂ ਦਾ ਨਾਮਕਰਨ ਕਰਦੀ ਹੋਈ ਇਹ ਕਵਿਤਾ ਬੁੱਕਲ ਦੇ ਸੱਪ, ਖੂੰਖਾਰ ਭੇੜੀਏ, ਕੁੱਤੇ, ਮਸਤੇ ਬਾਂਦਰ, ਭੂਸਰੇ ਸਾਨ੍ਹ, ਸੱਤਾ ਦੀਆਂ ਕਾਲੀਆਂ ਬਿੱਲੀਆਂ, ਗਿਰਝਾਂ ਆਦਿ ਨਾਵਾਂ ਨਾਲ ਅਜਿਹੇ ਕਿਰਦਾਰਾਂ ਨੂੰ ਸੰਬੋਧਿਤ ਹੁੰਦੀ ਹੈ. ਕਵੀ ਨੂੰ ਇਸ ਗੱਲੋਂ ਦੁੱਖ ਹੈ ਕਿ ਸੱਤਾ ਆਪਣੀ ਹਿੱਤ ਲਈ ਧਰਮ ਨੂੰ ਵਰਤ ਰਹੀ ਹੈ. ਧਰਮ ਨੂੰ ਵਰਤਣ ਵਾਲੀ ਸਿਆਸਤ ਨੂੰ ਭੰਡਦਾ ਕਵੀ ਧਰਮ ਦੇ ਅਸਲ ਅਰਥ ਸਮਝਆਉਂਦਾ ਹੈ.

ਧਰਮ ਤਾਂ ਦੱਬੇ-ਕੁਚਲਿਆਂ ਨਾਲ
ਇੱਕ ਹੀ ਪੰਗਤ 'ਚ ਧਰਤੀ 'ਤੇ ਬੈਠ
ਜ਼ਿੰਦਗੀ ਦੇ ਹਰ ਜਸ਼ਨ 'ਚ ਤੁਹਾਡੇ
ਘੁਲ ਮਿਲ ਜਾਣ ਚੋਂ ਝਲਕਦਾ ਹੈ
ਉਹ ਬੇਸੁਰੇ ਹੀ ਹੋਣਗੇ
ਜੋਂ ਤੁਰ ਪਏ
ਧਰਮ ਦੇ ਅਰਥ ਲੱਭਣ
ਕਿਸੀ ਖੰਭੇ ਉਤੇ
ਰੰਗਦਾਰ ਪਰਚਮ
ਲਹਿਰਾ ਕੇ

ਕਵੀ ਕਵਿਤਾ ਵਿੱਚ ਉਨ੍ਹਾਂ ਮਨੁੱਖਾਂ ਦੀ ਆਲੋਚਨਾ ਕਰਦਾ ਹੈ ਜੋਂ ਧਰਮ ਤੇ ਕਰਮ ਤੋਂ ਭਟਕੇ ਹੋਏ ਹਨ. ਕਵਿਤਾ ਦਾ ਇਹ ਪਾਸਾਰ ਫੇਸਬੁੱਕੀਏ, ਲੇਖਕ, ਸਿਆਸਤਦਾਨਾਂ ਦੀਆਂ ਰਮਜ਼ਾਂ ਨੂੰ ਥਾਹ ਪਾਉਂਦਿਆਂ ਸਮਾਜ ਵਿਚਲੇ ਜੁਗਾੜਤੰਤਰ, ਵਿਗਾੜਤੰਤਰ ਵਿਚਲੇ ਦੋਸ਼ੀ ਕਾਰਕਾਂ ਨੂੰ ਖੋਲ ਕੇ ਰੱਖਦਾ ਹੈ. ਸੱਤਾਧਾਰੀ ਜਮਾਤ ਦਾ ਵਿਕਾਸ ਦੇ ਨਾਂ ਤੇ ਮੰਨੂਵਾਦੀ ਤੇ ਪਿਛਾਖੜੀ ਸੋਚ ਨੂੰ ਥੋਪਣ ਲਈ ਹੱਥ ਕੰਡੇ ਵਰਤਣੇ, ਗੋਦੀ ਮੀਡੀਆ ਦਾ ਹੁਕਮਰਾਨਾਂ ਦੇ ਥੰਮ ਬਣ ਕੇ ਪੱਖਪਾਤ ਕਰਨਾ ਸੁਖਿੰਦਰ ਦੀ ਕਵਿਤਾ ਬਰਦਾਸ਼ਤ ਨਹੀਂ ਕਰ ਸਕਦੀ. ਇਸ ਕਵਿਤਾ ਦੀ ਵੰਗਾਰਮਈ ਧੁਨੀ ਭਾਸ਼ਾ ਨੂੰ ਢਿੱਲਾ ਛੱਡ ਦਿੰਦੀ ਹੈ. 'ਮਾਲ ਬਰਿੱਜ ਕਰੈਸੈਂਟ ਦੇ ਕੁੱਤੇ', 'ਖੁਫੀਆ ਤੰਤਰ ਦੇ ਕੁੱਤੇ', 'ਹਕੂਮਤ ਦੇ ਚਲਿੱਤਰ', 'ਰਾਜਨੀਤਕ ਜੁਮਲੇਬਾਜ਼', 'ਖਾਕੀ ਨਿੱਕਰਾਂ', 'ਗਾਵਾਂ, ਸੂਰਾਂ, ਕੱਟਿਆਂ ਦੇ ਸਿਰ', 'ਚਾਣਕਿਆ ਰਾਜਨੀਤੀ ਮੰਤਰ', 'ਇਖਲਾਕ' ਆਦਿ ਕਵਿਤਾਵਾਂ ਸਪਾਟ ਭਾਸ਼ਾ ਦੇ ਵਿਚ ਬਿਆਨੀਆਂ ਸ਼ੈਲੀ 'ਚ ਲਿਖੀਆਂ ਗਈਆਂ ਹਨ. ਸਾਹਿਤ ਦਾ ਪ੍ਰਸਾਰ ਕਰਨ ਵਾਲੀਆਂ ਸੰਸਥਾਵਾਂ ਅੰਦਰ ਆਇਆ ਖੋਖਲਾਪਣ, ਉਚ ਵਿਦਿਅਕ ਸੰਸਥਾਵਾਂ ਅੰਦਰ ਧੜੇਬੰਦੀਆਂ ਤੇ ਕਿਰਦਾਰਾਂ ਵਿਚਲੀ ਗਿਰਾਵਟ, ਉਚ ਸਾਹਿਤਕ ਸੰਸਥਾਵਾਂ ਵਿੱਚ ਇਨਾਮਾਂ-ਸਨਮਾਨਾਂ ਦੇ ਘਪਲੇ ਹੋਰ ਕਈ ਕਿਸਮ ਦੇ ਗੰਧਲੇਪਣ ਦਾ

ਚਿਤਰਣ ਵੀ ਇਸ ਕਵਿਤਾ ਵਿਚ ਹੋਇਆ ਹੈ. ਸਾਡੇ ਸਮਾਜ ਵਿਚ ਚੇਤੰਨ ਪੱਧਰ ਦੀ ਹੋਣੀ ਹੈ ਕਿ ਸਮਾਜ ਬੌਧਿਕ ਕੰਗਾਲੀ ਵਿੱਚੋਂ ਗੁਜ਼ਰ ਰਿਹਾ ਹੈ. ਵਿਸ਼ਵ ਸੰਮੇਲਨਾਂ, ਡਿਗਰੀਆਂ ਵੇਚਣ ਤੇ ਖਰੀਦਣ ਦਾ ਸਿਲਸਿਲਾ, ਜਿਸਮਾਨੀ ਸ਼ੋਸ਼ਣ ਤੇ ਹੋਰ ਕਈ ਤਰ੍ਹਾਂ ਦੇ ਵਕਾਰ ਸਾਹਿਤਕ ਤੇ ਅਕਾਦਮਿਕ ਪੱਧਰ ਤੇ ਪਨਪ ਰਹੇ ਹਨ. ਜਿਨ੍ਹਾਂ ਨੂੰ ਅਭਿਵਿਅਕਤ ਕਰਦੀ ਹੋਈ ਇਹ ਕਵਿਤਾ ਕਈ ਸਵਾਲ ਖੜ੍ਹੇ ਕਰਦੀ ਹੈ. 'ਨਾਗਪੁਰੀ ਸੰਤਰੇ', 'ਰੁਝਾਨ', 'ਜਸ਼ਨ', 'ਅੱਛੇ ਦਿਨ ਆਉਣ ਵਾਲੇ ਹਨ', 'ਮੈਂ ਜਾਦੂਗਰ', 'ਨੁੱਕੜ ਨਾਟਕ', 'ਗੁੰਡੀਆਂ ਰੰਨਾਂ', 'ਡੁਗਡੁਗੀ', 'ਕਵਿਤਾ ਦੀ ਮੌਤ', 'ਕਿਸਾਨ ਮੇਲੇ ਵਿਚ ਗੁਆਚੇ ਲੋਕ', 'ਦੇਹਵਾਦ, ਵਿਆਗਰਾ, ਪੁਰਸਕਾਰ', 'ਰਾਜ ਸਭਾ ਦੀ ਮੈਂਬਰੀ' ਕਵਿਤਾਵਾਂ ਚਿੰਤਨਮਈ ਧੁਨੀ ਪੈਦਾ ਕਰਦੀਆਂ ਹਨ. ਸੁਖਿੰਦਰ ਇਹ ਮੰਨਦਾ ਹੈ ਕਿ ਇਕ ਪਾਸੇ ਜ਼ਿਆਦਾਤਰ ਲੇਖਕ ਆਪਣੇ ਹਿੱਤ ਲਈ ਸਥਾਪਤੀ ਦਾ ਪੱਖ ਪੂਰ ਰਹੇ ਹਨ ਤੇ ਦੂਜੇ ਪਾਸੇ ਸਥਾਪਤੀ ਸੱਚ ਦੀ ਕਲਮ ਨੂੰ ਖੁੰਢਾ ਕਰਨ ਲਈ ਸਾਜ਼ਿਸ਼ਾਂ ਕਰ ਰਹੀ ਹੈ. 'ਬੁੱਢਾ ਜਾਦੂਗਰ ਆਖਦਾ ਹੈ' ਕਵਿਤਾ ਦਾ ਇਹੀ ਭਾਵ ਉਘੜਦਾ ਹੈ.

ਮੈਂ ਤੇਰੀਆਂ ਸਭ ਰੀਝਾਂ, ਉਮੰਗਾਂ, ਜਾਣਦਾ ਹਾਂ
ਤੂੰ ਗਾਂਧੀ ਦੀ ਬੱਕਰੀ ਚੋਣ ਜੋਗਾ ਤਾਂ ਹੋ
ਤੇਰੇ ਵੀ ਅੱਗੇ, ਬੱਕਰੀ ਚੋਣ ਲਈ ਬਾਲਟੀ ਧਰ ਦਿਆਂਗੇ

ਇਹ ਕਵਿਤਾ ਹੁਕਮਰਾਨ ਨੂੰ ਕੰਬਖਤ, ਹੰਕਾਰੀ ਤੇ ਘੁਮੰਡੀ ਆਖਦੀ ਹੋਈ ਇੱਕ ਲੀਕ ਖਿੱਚਦੀ ਹੈ ਤੇ ਨਾਨਕ, ਕਬੀਰ, ਤੇਗ ਬਹਾਦਰ, ਗੋਬਿੰਦ, ਦੁੱਲਾ ਭੱਟੀ, ਗੁਰੂ ਰਵਿਦਾਸ, ਬੰਦਾ ਸਿੰਘ ਬਹਾਦਰ, ਗ਼ਦਰੀ ਬਾਬੇ, ਸ਼ਹੀਦ ਊਧਮ ਸਿੰਘ, ਭਗਤ ਸਿੰਘ ਨੂੰ ਆਪਣੇ ਨਾਇਕ ਸਵੀਕਾਰਦੀ ਹੈ. 'ਤਲਾਸ਼, ਕੌਮੀ ਸ਼ਹੀਦ ਦੀ', 'ਕੌਮੀ ਸ਼ਹੀਦ', 'ਭਗਤ ਸਿੰਘ', 'ਊਧਮ ਸਿੰਘ' ਆਦਿ ਕਵਿਤਾਵਾਂ ਦੇ ਵਿਚ ਕਵੀ ਕੌਮੀ ਸ਼ਹੀਦ ਦੇ ਅਰਥ ਦੱਸਦਾ ਹੈ. ਸੱਤਾ ਦੁਆਰਾ ਨਿਰਧਾਰਤ ਕੀਤੇ ਹੋਏ ਕੌਮੀ ਸ਼ਹੀਦਾਂ ਨੂੰ ਨਕਾਰਦੀ ਇਹ ਕਵਿਤਾ ਲੋਕਾਂ ਦੇ ਸ਼ਹੀਦਾਂ ਨੂੰ ਪ੍ਰਵਾਨਦੀ ਹੈ. ਕਵੀ ਆਪਣੀ ਕਵਿਤਾ ਵਿੱਚ ਵਿਅੰਗਆਤਮਕ ਟਕੋਰ ਵੀ ਕਰਦਾ ਹੈ ਜਿਵੇਂ 'ਨਾ ਗਾਂਧੀ ਦੀ ਬੱਕਰੀ, ਨ ਬਾਪੂ ਦੇ ਬਾਂਦਰ', 'ਅੱਛੇ ਦਿਨ ਆਉਣ ਵਾਲੇ ਹਨ', 'ਇੱਛਾਧਾਰੀ ਧਰਮੀ ਸੱਪ', 'ਤਾਂ, ਤੂੰ ਬਈ ਜਾਹ' ਕਵਿਤਾਵਾਂ ਇਸੇ ਸੰਦਰਭ ਦੀਆਂ ਕਵਿਤਾਵਾਂ ਹਨ. ਇਸ ਕਵਿਤਾ ਵਿਚਲਾ ਪਾਤਰ ਨਵੀਂ ਪੌਂਦ ਦਾ ਕੁਰਾਹੇ ਵੱਲ ਮੁੜਣਾ, ਖੁਦਕਸ਼ੀਆਂ, ਨਸ਼ਿਆਂ ਵਿਚ ਪੰਜਾਬ ਦਾ ਗਰਕਣਾ, ਕਤਲੇਆਮ ਵਿੱਚ ਵਾਧਾ, ਦਰਿੰਦਗੀ ਦਾ ਵੱਧ ਰਿਹਾ ਨਾਚ ਪ੍ਰਤੀ ਚਿੰਤਾ ਜ਼ਾਹਰ ਕਰਦਾ ਹੋਇਆ ਸਮਾਜ ਅੰਦਰਲੇ ਹਨ੍ਹੇਰੇ ਨੂੰ ਦੂਰ ਕਰਨ ਲਈ ਅਹਿਦ ਲੈਂਦਾ ਹੈ.

ਚਲੋ ਯਾਰੋ! ਸੜਕਾਂ, ਬਾਜ਼ਾਰਾਂ ਚੌਰਸਤਿਆਂ, 'ਚ
ਤੁਰਦੇ, ਫਿਰਦੇ, ਬੁੱਤਾਂ ਨੂੰ
ਕੁੰਭਕਰਨੀ, ਨੀਂਦ 'ਚੋਂ ਜਗਾਈਏ–
ਜੁਬਾਂ ਰਹਿਤ, ਸਾਹਹੀਣ, ਦਿਸ਼ਾਹੀਣ ਲੋਕਾਂ ਨੂੰ
ਆਪਣੇ ਨਾਲ ਲੈ ਕੇ, ਜ਼ਿੰਦਗੀ ਦਾ ਕੋਈ ਹੁਸੀਨ ਗੀਤ
ਗੁਣਗੁਣਾਈਏ

ਸਮੁੱਚੇ ਰੂਪ ਦੇ ਵਿਚ ਸੁਖਿੰਦਰ ਦੀ ਕਵਿਤਾ ਵਿੱਚੋਂ ਰੋਹ ਦਾ ਕਥਾਰਸਿਸ ਕਈ ਕੋਣਾਂ ਤੋਂ ਵੇਖਿਆ ਜਾ ਸਕਦਾ ਹੈ. ਤਤਕਾਲੀਨ ਘਟਨਾਵਾਂ ਉਸ ਨੂੰ ਪ੍ਰੇਸ਼ਾਨ

ਕਰਦੀਆਂ ਹਨ ਤੇ ਉਹ ਮਨ ਦੀ ਭੜਾਸ ਕੱਢਦਾ ਹੋਇਆ ਛੇਤੀ ਹੀ ਨੋਟਿਸ ਲੈ ਲੈਂਦਾ ਹੈ. ਇਸੇ ਲਈ ਕਿਤੇ-ਕਿਤੇ ਕਵਿਤਾ ਮਾਰਕੇਬਾਜੀ ਦਾ ਸ਼ਿਕਾਰ ਹੋ ਜਾਂਦੀ ਹੈ. ਕਵਿਤਾ ਪੜ੍ਹਦਿਆਂ ਕਾਵਿ ਵਸਤੂ ਉਪਰ ਭਾਸ਼ਾ ਦਾ ਮੁਹਾਂਦਰਾ ਹਾਵੀ ਬਣ ਜਾਂਦਾ ਹੈ. ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਇਸ ਕਵਿਤਾ ਦੀਆਂ ਧੁਨੀਆਂ ਤੇ ਸ਼ਬਦ ਸ਼ਕਤੀਆਂ ਮਾਨਵ-ਵਿਰੋਧੀ ਪ੍ਰਬੰਧ ਦਾ ਦਰਸ ਕਰਵਾ ਜਾਂਦੀਆਂ ਹਨ. ਸੁਖਿੰਦਰ ਅੰਦਰ ਹੋ ਰਿਹਾ ਰਾਜਸੀ ਸਮਾਜਿਕ ਪ੍ਰਬੰਧ ਵਿਰੁੱਧ ਯੁੱਧ ਸ਼ਬਦਾਂ ਰਾਹੀਂ ਵਿਸਫੋਟ ਕਰਦਾ ਹੋਇਆ ਕਵਿਤਾ ਵਿਚ ਢਲ਼ਦਾ ਹੈ.  ਸੁਹਜ ਸ਼ਾਸਤਰ ਦੀ ਲੀਕ ਤੋਂ ਹਟ ਕੇ ਅੰਦਰਲੇ ਉਬਾਲੇ ਨੂੰ ਕਾਵਿ ਵਸਤੂ ਵਿੱਚ ਢਾਲਣਾ ਹੀ ਸੁਖਿੰਦਰ ਦੀ ਕਵਿਤਾ ਦਾ ਹਾਸਿਲ ਹੈ.

-ਡਾ. ਅਰਵਿੰਦਰ ਕੌਰ ਕਾਕੜਾ
ਪਟਿਆਲਾ, ਪੰਜਾਬ, ਇੰਡੀਆ
kakraak@gmail.com

# ਕ੍ਰਾਂਤੀ ਦੀ ਭਾਸ਼ਾ

ਕਿਸਾਨ, ਕ੍ਰਾਂਤੀ ਦੀ ਭਾਸ਼ਾ
ਸਿਰਜ ਰਹੇ ਹਨ-

ਹਕੂਮਤ, ਆਪਣੀ, ਦਹਿਸ਼ਤ ਦਿਖਾਉਣ ਲਈ
ਉਨ੍ਹਾਂ ਵੱਲ, ਪਾਣੀ ਦੀਆਂ ਬੁਛਾਰਾਂ ਸੁੱਟਦੀ-
ਤਾਂ, ਕਿਸਾਨ, ਆਪਣੇ, ਜਿਸਮਾਂ ਨੂੰ ਦੀਵਾਰਾਂ ਬਣਾ
ਉਨ੍ਹਾਂ, ਬੁਛਾਰਾਂ ਦਾ ਮੁਕਾਬਲਾ ਕਰਦੇ

ਹਕੂਮਤ, ਆਪਣੀ, ਦਹਿਸ਼ਤ ਦਿਖਾਉਣ ਲਈ
ਉਨ੍ਹਾਂ ਵੱਲ, ਅੱਥਰੂ ਗੈਸ ਦੇ ਗੋਲੇ ਸੁੱਟਦੀ-
ਤਾਂ, ਕਿਸਾਨ, ਆਪਣੀਆਂ, ਅੱਖਾਂ ਨੂੰ ਢਾਲਾਂ ਬਣਾ
ਉਨ੍ਹਾਂ, ਅੱਥਰੂ ਗੈਸ ਦੇ ਗੋਲਿਆਂ ਦਾ ਮੁਕਾਬਲਾ ਕਰਦੇ

ਹਕੂਮਤ, ਆਪਣੀ, ਦਹਿਸ਼ਤ ਦਿਖਾਉਣ ਲਈ
ਉਨ੍ਹਾਂ ਵੱਲ, ਕੰਡਿਆਲੀਆਂ ਤਾਰਾਂ ਦੇ ਜਾਲ ਵਿਛਾਉਂਦੀ-
ਤਾਂ, ਕਿਸਾਨ, ਆਪਣੇ, ਦ੍ਰਿੜ ਇਰਾਦਿਆਂ ਨਾਲ
ਉਨ੍ਹਾਂ, ਰੁਕਾਵਟਾਂ ਦੇ ਜਾਲ ਟੋਟੇ ਟੋਟੇ ਕਰਦੇ

ਹਕੂਮਤ, ਆਪਣੀ, ਦਹਿਸ਼ਤ ਦਿਖਾਉਣ ਲਈ
ਉਨ੍ਹਾਂ ਵੱਲ, ਆਪਣੇ, ਮੁਖੌਟਾਧਾਰੀ, ਸੂਹੀਏ ਭੇਜਦੀ-
ਤਾਂ, ਕਿਸਾਨ, ਆਪਣੀ, ਸਿਆਣਪ ਨਾਲ
ਉਨ੍ਹਾਂ, ਮੁਖੌਟਾਧਾਰੀਆਂ ਦੇ ਮੁਖੌਟੇ ਲੀਰੋ ਲੀਰ ਕਰਦੇ

ਕਿਸਾਨ, ਕ੍ਰਾਂਤੀ ਦੀ ਭਾਸ਼ਾ
ਸਿਰਜ ਰਹੇ ਹਨ-

ਇਹ, ਭਾਸ਼ਾ, ਹੌਲੀ, ਹੌਲੀ
ਆਪਣਾ, ਰੰਗ ਦਿਖਾਏਗੀ

ਜਦੋਂ, ਕ੍ਰਾਂਤੀ ਦੇ, ਸੂਹੇ ਫੁੱਲ
ਦੂਰ, ਦੂਰ, ਤੱਕ ਖਿੜ ਉੱਠਣਗੇ
■

(ਮਾਲਟਨ, ਦਸੰਬਰ 3, 2020)

# ਕ੍ਰਾਂਤੀ

ਕ੍ਰਾਂਤੀ-
ਪਹਿਲਾਂ, ਸੋਚ ਵਿੱਚ ਪੈਦਾ ਹੁੰਦੀ ਹੈ
ਫਿਰ, ਬੋਲਾਂ ਵਿੱਚ
ਫਿਰ, ਅਮਲਾਂ ਵਿੱਚ

ਦਿਮਾਗ਼ ਸੁੰਨ ਹੋ ਜਾਣ
ਸੋਚ ਵੀ ਬਰਫ਼ ਦੀ ਸਿੱਲ ਬਣ ਜਾਵੇ
ਤਾਂ, ਕ੍ਰਾਂਤੀ ਦੀਆਂ
ਚਿੰਗਾਰੀਆਂ ਦੀ
ਲੋੜ ਹੁੰਦੀ ਹੈ

ਪੰਜਾਬੀਆਂ ਦਾ ਖ਼ੂਨ
ਨਿੱਜਪ੍ਰਸਤ ਨੇਤਾਵਾਂ ਨੇ
ਬਰਫ਼ ਦੀ ਸਿੱਲ ਵਾਂਗ
ਜਮਾ ਦਿੱਤਾ ਹੈ

ਨਵੀਂ ਪੌਦ ਨੂੰ
ਬਾਰ, ਬਾਰ, ਯਾਦ ਕਰਵਾਉਣਾ ਪਵੇਗਾ:
ਭਗਤ ਸਿੰਘ ਨੇ
ਅਸੈਂਬਲੀ ਵਿੱਚ ਬੰਬ ਕਿਉਂ ਸੁੱਟਿਆ ਸੀ
ਊਧਮ ਸਿੰਘ ਨੇ
ਓਡਵਾਇਰ ਨੂੰ ਗੋਲੀਆਂ ਦਾ ਨਿਸ਼ਾਨਾ ਕਿਉਂ ਬਣਾਇਆ ਸੀ
ਬੰਦਾ ਸਿੰਘ ਬਹਾਦਰ ਨੇ
ਸਰਹੰਦ ਦੀ ਇੱਟ ਨਾਲ ਇੱਟ ਕਿਉਂ ਖੜਕਾਈ ਸੀ

ਕ੍ਰਾਂਤੀ-
ਸੋਚ ਵਿੱਚ ਆਏਗੀ
ਤਾਂ, ਅਮਲਾਂ ਨਾਲ ਨਬੇੜੇ ਹੋਣ ਦੀ
ਫਿਕਰ, ਆਪੇ ਹੀ
ਮੁੱਕ ਜਾਏਗੀ
■
(ਮਾਲਟਨ, ਨਵੰਬਰ 27, 2020)

# ਅੰਦੋਲਨ

ਅੰਦੋਲਨ–
ਵਿਚਾਰਾਂ ਦੀ ਯੁੱਧ-ਭੂਮੀ ਵਿੱਚ
ਆਹਮਣੇ-ਸਾਹਮਣੇ ਹੋਏ, ਵਿਰੋਧੀ
ਵਿਚਾਰਾਂ ਦੀ ਮੁੱਠਭੇੜ, ਤਕਰਾਰ
ਵਿਚਾਰਾਂ ਦਾ, ਆਪਸ ਵਿੱਚ
ਖਹਿਕੇ ਲੰਘਣਾ ਹੁੰਦਾ ਹੈ

ਅੰਦੋਲਨ–
ਪੂਰੇ ਰੋਹ ਵਿੱਚ ਆ
ਵਿਚਾਰਾਂ ਦਾ, ਇੱਕ ਦੂਜੇ ਨਾਲ
ਗੁੱਥਮ-ਗੁੱਥਾ ਹੋਣਾ ਹੁੰਦਾ ਹੈ

ਅੰਦੋਲਨ–
ਵਿਰੋਧੀ ਵਿਚਾਰਾਂ ਵਾਲੀਆਂ
ਮਾਨਸਿਕਤਾਵਾਂ ਦੇ ਟਕਰਾ ਵਜੋਂ
ਜਵਾਲਾ ਮੁਖੀ ਪਰਬਤਾਂ ਵਿੱਚ
ਵਿਸਫੋਟ ਹੋਣਾ ਹੁੰਦਾ ਹੈ

ਅੰਦੋਲਨ–
ਜੋਸ਼ ਨਾਲ ਭਰੇ, ਅਹਿਸਾਸਾਂ ਦੇ
ਘੋੜਿਆਂ ਦਾ, ਮਾਰੂਥਲਾਂ 'ਚ ਵੀ
ਬੇਖੌਫ਼ ਹੋ, ਹਿਣਕਣਾ
ਹੁੰਦਾ ਹੈ

ਅੰਦੋਲਨ–
ਚੌਰਸਤੇ 'ਚ ਬੈਠ, ਗਾਂਧੀ ਦਾ
ਚਰਖਾ ਕੱਤਣਾ
ਨਹੀਂ ਹੁੰਦਾ

ਅੰਦੋਲਨ–
ਗਾਂਧੀ ਦੇ ਤਿੰਨ ਬਾਂਦਰਾਂ ਵਾਂਗ
ਮੂੰਹ, ਕੰਨ, ਅੱਖ, ਉੱਤੇ
ਹੱਥ ਧਰਕੇ, ਸੁੰਨ ਵੱਟੇ ਬਣਕੇ
ਬੈਠੇ ਰਹਿਣਾ ਵੀ

ਨਹੀਂ ਹੁੰਦਾ

ਅੰਦੋਲਨ–
ਨਿਰਸੰਦੇਹ, ਮਲਕ ਭਾਗੋਆਂ ਦੇ
ਖੀਰਾਂ, ਪੂੜਿਆਂ, ਲੱਡੂਆਂ, ਜਲੇਬੀਆਂ, ਦਾ
ਮਹਾਂ-ਭੋਜ ਵੀ, ਹਰਗਿਜ਼
ਨਹੀਂ ਹੁੰਦਾ

ਅੰਦੋਲਨ–
ਤਾਂ, ਤਾਨਾਸ਼ਾਹੀ, ਹਕੂਮਤਾਂ ਦੇ
ਪੈਰਾਂ ਹੇਠ–

ਬਲਦੇ, ਅੰਗਿਆਰ ਰੱਖਣਾ ਹੁੰਦਾ ਹੈ !
ਬਲਦੇ, ਅੰਗਿਆਰ ਰੱਖਣਾ ਹੁੰਦਾ ਹੈ !!
ਬਲਦੇ, ਅੰਗਿਆਰ ਰੱਖਣਾ ਹੁੰਦਾ ਹੈ !!!
■

(ਮਾਲਟਨ, ਫਰਵਰੀ 4, 2021)

# ਨ ਗਾਂਧੀ ਦੀ ਬੱਕਰੀ ਨ ਬਾਪੂ ਦੇ ਬਾਂਦਰ

'ਇਨਕਲਾਬ, ਜ਼ਿੰਦਾਬਾਦ' ਦਾ ਨਾਅਰਾ
ਫੇਰ, ਗੂੰਜਿਆ-

ਨ ਗਾਂਧੀ ਦੀ ਬੱਕਰੀ
ਸਾਡੀ-
ਨ ਬਾਪੂ ਦੇ ਬਾਂਦਰਾਂ ਨਾਲ
ਮੋਹ-

ਲੋਕ, ਫੇਰ ਜਾਗੇ-
ਆਪਣੇ, ਹੱਕਾਂ ਦੀ
ਥਾਹ ਪਾਉਣ ਲੱਗੇ

'ਇਨਕਲਾਬ, ਜ਼ਿੰਦਾਬਾਦ' ਦਾ ਨਾਅਰਾ
ਫੇਰ, ਗੂੰਜਿਆ-

ਫੇਰ, ਲੋਕਾਂ 'ਚ
ਭਗਤ ਸਿੰਘ ਦੇ ਵਿਚਾਰਾਂ ਦਾ
ਚਰਚਾ ਤੁਰ ਪਿਆ

ਫੇਰ, ਲੋਕਾਂ, ਹਵਾ 'ਚ
ਭਗਤ ਸਿੰਘ ਵਾਂਗ
ਆਪਣਾ, ਮੁੱਕਾ ਤਾਣਿਆ

ਫੇਰ, ਲੋਕਾਂ
ਕਾਲੀਆਂ ਸ਼ਕਤੀਆਂ ਨੂੰ
ਵੰਗਾਰਿਆ

ਫੇਰ, ਤੁਰ ਪਏ ਨੇ ਲੋਕ
ਜੋਕਾਂ ਨੂੰ ਨੱਥ
ਪਾਉਣ ਨੂੰ

ਖਾਹ ਜਾਂਦੇ, ਜੋ
ਸਾਡੇ ਹਿੱਸੇ ਦੀ ਰੋਟੀ
ਉਨ੍ਹਾਂ, ਬਾਘੜ ਬਿੱਲਿਆਂ ਨੂੰ
ਫਾਹੇ ਲਾਉਣ ਨੂੰ

ਪੀ ਜਾਂਦੇ, ਜੋ, ਸਾਡੇ
ਬੱਚਿਆਂ ਦੇ ਹਿੱਸੇ ਦਾ ਦੁੱਧ
ਉਨ੍ਹਾਂ, ਸੱਪਾਂ ਦੀਆਂ ਖੁੱਡਾਂ 'ਚ
ਲਾਂਬੂ ਲਾਉਣ ਨੂੰ

ਫੇਰ, ਤੁਰ ਪਏ ਨੇ ਲੋਕ!
ਫੇਰ, ਤੁਰ ਪਏ ਨੇ ਲੋਕ!!
ਫੇਰ, ਤੁਰ ਪਏ ਨੇ ਲੋਕ!!!
■

(ਮਾਲਟਨ, ਮਾਰਚ 16, 2022)

# ਇਤਿਹਾਸ ਦੀ ਦਸਤਕ

ਇਤਿਹਾਸ ਦੀ ਦਸਤਕ ਸੁਣੋ :

ਭਗਤ ਸਿੰਘ ਨੇ
ਅਸੈਂਬਲੀ ਵਿੱਚ ਬੰਬ ਧਮਾਕਾ ਕਰ ਦਿੱਤਾ
ਊਧਮ ਸਿੰਘ ਨੇ
ਮਾਈਕਲ ਓਡਵਾਇਰ ਦੀ ਛਾਤੀ ਵਿੱਚ ਗੋਲੀ ਦਾਗ ਦਿੱਤੀ
ਸੋਹਣ ਸਿੰਘ ਭਕਨਾ ਨੇ
ਗਦਰ ਲਹਿਰ ਖੜ੍ਹੀ ਕਰ ਦਿੱਤੀ
ਬਾਬਾ ਬੰਦਾ ਸਿੰਘ ਨੇ
ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ
ਸੁੱਖਾ ਸਿੰਘ, ਮਹਿਤਾਬ ਸਿੰਘ, ਨੇ
ਮੱਸਾ ਰੰਘੜ ਦੀ ਧੌਣ ਧੜ ਤੋਂ ਅਲੱਗ ਕਰ ਦਿੱਤੀ
ਹਰੀ ਸਿੰਘ ਨਲਵਾ ਨੇ
ਕਾਬੁਲ, ਕੰਧਾਰ, ਤੱਕ ਧਾਂਕ ਜਮਾ ਦਿੱਤੀ

ਇਤਿਹਾਸ ਦੀ ਦਸਤਕ ਸੁਣੋ!
ਇਤਿਹਾਸ ਦੀ ਦਸਤਕ ਸੁਣੋ!!
ਇਤਿਹਾਸ ਦੀ ਦਸਤਕ ਸੁਣੋ!!!

ਦੂਰ ਕਿਤੇ-
ਫਿਰ, ਨਗਾਰਾ ਵੱਜ ਰਿਹਾ ਹੈ!
ਫਿਰ, ਨਗਾਰਾ ਵੱਜ ਰਿਹਾ ਹੈ!!
ਫਿਰ, ਨਗਾਰਾ ਵੱਜ ਰਿਹਾ ਹੈ!!!

ਇਤਿਹਾਸ, ਸਾਡੇ
ਕਣਕਣ ਵਿੱਚ ਬੋਲਦਾ ਹੈ

ਇਤਿਹਾਸ, ਸਾਡੇ
ਜਿਉਣ ਦਾ ਸਬੱਬ ਬਣਦਾ ਹੈ

ਇਤਿਹਾਸ, ਸਾਡੇ
ਸਿਰਾਂ ਨੂੰ ਉੱਚਾ ਚੁੱਕਣ ਦੀ ਬਾਤ ਬਣਦਾ ਹੈ

ਇਤਿਹਾਸ ਦੀ ਦਸਤਕ ਸੁਣੋ!

ਇਤਿਹਾਸ ਦੀ ਦਸਤਕ ਸੁਣੋ!!
ਇਤਿਹਾਸ ਦੀ ਦਸਤਕ ਸੁਣੋ!!!

■

(ਮਾਲਟਨ, ਨਵੰਬਰ 2, 2020)

# ਇਤਿਹਾਸ ਦੇ ਸਿਰਜਕ

ਉਹ, ਲੋਕ
ਇਤਿਹਾਸ ਦੇ ਸਿਰਜਕ ਹਨ-
ਜੋ, ਮੀਲਾਂ ਲੰਬੇ, ਕਾਫ਼ਲਿਆਂ ਵਿੱਚ
ਸੜਕਾਂ ਉੱਤੇ, ਆਪਣੇ, ਲਹੂ-ਲੁਹਾਨ
ਪੈਰਾਂ ਨਾਲ ਤੁਰਦੇ ਹਨ

ਹਕੂਮਤ ਦੀ ਦਹਿਸ਼ਤ ਨਾਲ
ਲੋਹਾ ਲੈਂਦਿਆਂ, ਜੋ-
-ਮਿੱਟੀ ਨਾਲ, ਮਿੱਟੀ ਹੁੰਦੇ ਹਨ
-ਪਾਣੀ ਨਾਲ, ਪਾਣੀ ਹੁੰਦੇ ਹਨ
-ਹਵਾ ਨਾਲ, ਹਵਾ ਹੁੰਦੇ ਹਨ

ਸੱਤਾ ਦੇ ਪਾਲੇ ਕੁੱਤੇ
ਇਤਿਹਾਸ ਸਿਰਜਕਾਂ ਨੂੰ ਭੌਂਕਦੇ ਹਨ
ਸੱਤਾ ਦੇ ਪਾਲੇ ਭੇੜੀਏ
ਇਤਿਹਾਸ ਸਿਰਜਕਾਂ ਨੂੰ ਵੱਢਦੇ ਹਨ
ਸੱਤਾ ਦੇ ਪਾਲੇ ਸੱਪ
ਇਤਿਹਾਸ ਸਿਰਜਕਾਂ ਨੂੰ ਡੰਗਦੇ ਹਨ

ਸੱਤਾ ਦੀਆਂ ਪਾਲੀਆਂ ਮੁਖੌਟਾਧਾਰੀ ਸੂਰਤਾਂ
ਡੀਲਕਸ ਕਾਰਾਂ 'ਚ ਸਵਾਰ ਹੋ
ਪੁਲਿਸ ਹਿਰਾਸਤ 'ਚ ਹੋਣ ਦਾ ਨਾਟਕ ਕਰਦੀਆਂ ਹਨ
ਸੱਤਾ ਦੀਆਂ ਪਾਲੀਆਂ ਗਿਰਗਿਟਾਂ
ਮੌਸਮੀ ਤਾਪਮਾਨ ਦੇਖ
ਆਪਣੇ ਰੰਗ ਬਦਲਦੀਆਂ ਹਨ
ਸੱਤਾ ਦੀਆਂ ਪਾਲੀਆਂ ਪੁਤਲੀਆਂ
ਆਪਣੇ ਆਕਾ ਦੇ ਇਸ਼ਾਰਿਆਂ 'ਤੇ
ਨਾਚ ਨਚਦੀਆਂ ਹਨ

ਇਤਿਹਾਸ, ਉਨ੍ਹਾਂ ਰੂਹਾਂ ਨੂੰ ਹੀ
ਯਾਦ ਰੱਖਦਾ ਹੈ-

ਜਿਨਾਂ ਦਾ ਨਾਮ ਲੈਂਦਿਆਂ ਹੀ
ਰਾਹਾਂ 'ਚ ਗੁਲਾਬ

ਮਹਿਕ ਉੱਠਦੇ ਹਨ

ਜਿਨ੍ਹਾਂ ਦਾ ਨਾਮ ਲੈਂਦਿਆਂ ਹੀ
ਖਿਆਲਾਂ 'ਚ ਚਿੰਗਾਰੇ
ਦਗ ਦਗ ਕਰ ਉੱਠਦੇ ਹਨ

ਜਿਨ੍ਹਾਂ ਦਾ ਨਾਮ ਲੈਂਦਿਆਂ ਹੀ
'ਇਨਕਲਾਬ ਜ਼ਿੰਦਾਬਾਦ' ਦੇ ਬੋਲ
ਫ਼ਿਜ਼ਾ ਵਿੱਚ ਗੂੰਜ ਉੱਠਦੇ ਹਨ
■

(ਮਾਲਟਨ, ਨਵੰਬਰ 27, 2020)

# ਭਰਮ

ਉਨ੍ਹਾਂ ਨੂੰ, ਭਰਮ ਹੋਵੇਗਾ-

ਉਹ, ਧਰਤੀ ਦੇ ਵਾਰਸਾਂ ਨੂੰ
ਦਰੜ ਸੁੱਟਣਗੇ, ਘੋੜਿਆਂ ਦੇ
ਸੁੰਮਾਂ ਹੇਠ

ਉਹ, ਭੰਨ ਸੁੱਟਣਗੇ
ਉਨ੍ਹਾਂ ਦੀਆਂ, ਅੱਖਾਂ, ਟੀਅਰ ਗੈਸ ਦੇ
ਗੋਲਿਆਂ ਸੰਗ

ਉਹ, ਕਾਂਬਾ ਛੇੜ ਦੇਣਗੇ
ਠੰਡੇ-ਯੱਖ, ਪਾਣੀ ਦੀਆਂ
ਬੁਛਾੜਾਂ ਦੇ ਨਾਲ

ਪਰ, ਉਨ੍ਹਾਂ ਨੂੰ
ਕੀ ਪਤਾ ਸੀ-

ਇਨ੍ਹਾਂ, ਕਿਰਤੀਆਂ, ਕਾਮਿਆਂ, ਕਿਸਾਨਾਂ, ਨੂੰ
ਗੁੜ੍ਹਤੀ ਮਿਲੀ ਹੈ-
-ਬੰਦਾ ਸਿੰਘ ਬਹਾਦਰ
-ਹਰੀ ਸਿੰਘ ਨਲਵਾ
-ਸ਼ਹੀਦ ਭਗਤ ਸਿੰਘ
-ਊਧਮ ਸਿੰਘ ਆਜ਼ਾਦ
-ਸੋਹਣ ਸਿੰਘ ਭਕਨਾ
ਦੀਆਂ ਕ੍ਰਾਂਤੀਕਾਰੀ
ਕਥਾਵਾਂ ਦੀ

ਮਹਾਂਭਾਰਤ ਦਾ ਯੁੱਧ
ਹੁਣ, ਫਿਰ, ਲੜਿਆ ਜਾਵੇਗਾ-

ਹੁਣ, ਕ੍ਰਿਸ਼ਨ ਰੱਥ ਉੱਤੇ
ਸਵਾਰ ਹੋ ਕੇ ਨਹੀਂ ਆਵੇਗਾ

ਉਹ ਵੀ, ਇੱਥੇ ਹੀ ਕਿਤੇ

ਬੈਠਾ ਹੋਵੇਗਾ-
-ਕਿਸੀ ਕਿਰਤੀ
-ਕਿਸੀ ਕਾਮੇ
-ਕਿਸੀ ਕਿਸਾਨ
ਦੇ ਭੇਸ ਵਿੱਚ

ਇਸ ਵਾਰ, ਇਸ ਯੁੱਧ ਵਿੱਚ
ਕ੍ਰਿਸ਼ਨ ਦੇ ਨਾਲ, ਰਾਧਾ ਵੀ ਆਈ ਹੈ
ਆਪਣੀਆਂ, ਹਜ਼ਾਰਾਂ ਸਖੀਆਂ ਦੇ ਨਾਲ

ਅਰਜੁਨ ਨੂੰ ਵੀ, ਹੁਣ
ਕੋਈ ਭੁਲੇਖਾ ਨਹੀਂ-

ਦੋਸਤ ਅਤੇ ਦੁਸ਼ਮਣ ਦੀ
ਉਸ ਨੂੰ ਵੀ, ਹੁਣ
ਪਹਿਚਾਣ ਹੈ
■
(ਮਾਲਟਨ, ਦਸੰਬਰ 11, 2020)

# ਕਿਸਾਨ ਯੁੱਧ

ਉਹ, ਤੁਰ ਪਏ ਹਨ
ਇੱਕ, ਹੰਕਾਰੀ ਰਾਜੇ ਦੀ
ਧੌਣ ਉੱਤੇ ਗੋਡਾ ਰੱਖਣ ਲਈ-

ਉਨ੍ਹਾਂ ਦੇ, ਹੱਥਾਂ ਵਿੱਚ
ਬੰਦੂਕ ਅਤੇ ਹੈਂਡਗਰਨੇਡ ਨਹੀਂ ਹਨ
ਨ ਹੀ ਤਲਵਾਰਾਂ ਅਤੇ ਗੰਡਾਸੇ ਹਨ

ਉਨ੍ਹਾਂ ਨੂੰ, ਕਿਸੀ
ਸੁਦਰਸ਼ਨ ਚੱਕਰ ਦੀ ਵੀ ਲੋੜ ਨਹੀਂ
ਨ ਹੀ, ਕਿਸੀ, ਲੇਜ਼ਰ ਗਾਈਡਡ ਮਿਜ਼ਾਈਲ ਦੀ ਹੀ
ਨ ਹੀ, ਕਿਸੀ, ਲੜਾਕੂ ਰਾਫ਼ੈਲ ਜਹਾਜ਼ ਦੀ ਹੀ

ਹੌਂਸਲੇ ਅਤੇ ਦਲੇਰੀ ਨਾਲ
ਉਹ, ਵੱਧ ਰਹੇ ਹਨ
ਹੰਕਾਰ ਅਤੇ ਘੁਮੰਡ ਦੇ
ਕਿਲੇ ਦੇ ਕਿੰਗਰੇ ਢਾਹੁਣ ਵੱਲ

ਉਹ, ਕਿਸਾਨ ਹਨ-
ਉਨ੍ਹਾਂ ਨੂੰ, ਧਰਤੀ ਨਾਲ ਮੋਹ ਹੈ
ਉਨ੍ਹਾਂ ਨੂੰ, ਪਾਣੀ ਨਾਲ ਮੋਹ ਹੈ
ਉਨ੍ਹਾਂ ਨੂੰ, ਹਵਾ ਨਾਲ ਮੋਹ ਹੈ

ਉਹ, ਕਿਸਾਨ ਹਨ-
ਉਨ੍ਹਾਂ ਦੇ, ਹੱਥਾਂ ਦੀ ਛੋਹ ਨਾਲ
ਖੇਤਾਂ 'ਚ ਫਸਲਾਂ ਲਹਿਲਹਾਂਦੀਆਂ ਹਨ
ਉਨ੍ਹਾਂ ਦੇ, ਹੱਥਾਂ ਦੀ ਛੋਹ ਨਾਲ
ਪਿਆਸੀਆਂ, ਫਸਲਾਂ ਪਾਣੀ ਪੀਂਦੀਆਂ ਹਨ
ਉਨ੍ਹਾਂ ਦੇ, ਹੱਥਾਂ ਦੀ ਛੋਹ ਨਾਲ
ਖੇਤਾਂ 'ਚ, ਤਾਜ਼ੀ ਹਵਾ ਦੇ ਬੁੱਲੇ ਆਉਂਦੇ ਹਨ

ਉਹ, ਕਿਸਾਨ ਹਨ-
ਉਹ, ਦੇਸ਼ ਦੀ ਆਰਥਿਕਤਾ ਦੀ
ਰੀੜ੍ਹ ਦੀ ਹੱਡੀ ਹਨ

ਜੇਕਰ, ਦੇਸ਼ ਦੀ
ਰੀੜ੍ਹ ਦੀ ਹੱਡੀ ਟੁੱਟ ਗਈ-
ਤਾਂ, ਸਮੁੱਚੇ ਦੇਸ਼ ਨੂੰ
ਲਕਵਾ ਮਾਰ ਜਾਏਗਾ

■

(ਮਾਲਟਨ, ਨਵੰਬਰ 24, 2020)

# ਹੁਕਮਰਾਨ

ਸੱਤਾ ਦੇ ਨਸ਼ੇ ਵਿੱਚ ਚੂਰ
ਰਾਜ ਸਿੰਘਾਸਨ ਉੱਤੇ ਬੈਠੇ
ਹੁਕਮਰਾਨ ਕੋਲ, ਜਦੋਂ
ਆਪਣੇ, ਹੱਕਾਂ ਲਈ ਜੂਝ ਰਹੇ
ਕਿਸਾਨਾਂ ਦੇ ਸੁਆਲਾਂ ਦਾ, ਕੋਈ
ਜੁਆਬ ਨ ਰਿਹਾ, ਤਾਂ
ਉਸਨੇ, ਸ਼ਹਿਰ ਵਿੱਚ
ਦਹਿਸ਼ਤ ਫੈਲਾਉਣ ਲਈ, ਆਪਣੇ
ਜ਼ਹਿਰੀ ਫਨੀਅਰ ਸੱਪਾਂ ਵਾਲੀ
ਪਟਾਰੀ ਖੋਲ੍ਹ ਲਈ

ਪਰ, ਕਿਸਾਨ, ਕੋਈ
ਆਮ ਆਦਮੀ ਨਹੀਂ ਸਨ-

ਉਨ੍ਹਾਂ ਦੇ ਬੋਲਾਂ ਵਿੱਚ
-ਚੰਦਰ ਸ਼ੇਖਰ ਆਜ਼ਾਦ ਬੋਲਦਾ ਸੀ
-ਭਗਤ ਸਿੰਘ ਬੋਲਦਾ ਸੀ
-ਮੁਹੰਮਦ ਬਰਕਤਉੱਲਾ ਬੋਲਦਾ ਸੀ

ਉਨ੍ਹਾਂ ਦੇ ਬੋਲਾਂ ਵਿੱਚ
-ਮਾਈ ਭਾਗੋ ਵੀ ਬੋਲਦੀ ਸੀ
-ਰਾਣੀ ਝਾਂਸੀ ਵੀ ਬੋਲਦੀ ਸੀ
-ਦੁਰਗਾ ਭਾਬੀ ਵੀ ਬੋਲਦੀ ਸੀ
-ਗੁਲਾਬ ਕੌਰ ਵੀ ਬੋਲਦੀ ਸੀ

ਪਰ, ਕਿਸਾਨ, ਕੋਈ
ਆਮ ਆਦਮੀ ਨਹੀਂ ਸਨ-

ਉਨ੍ਹਾਂ ਦੇ ਪਿਤਾ-ਪੁਰਖਿਆਂ ਨੇ
ਬੋਲੇ ਕੰਨਾਂ ਨੂੰ ਸੁਨਾਉਣ ਲਈ
ਦਿੱਲੀ ਦੀ ਅਸੈਂਬਲੀ ਵਿੱਚ
ਬੰਬ ਧਮਾਕਾ ਕੀਤਾ ਸੀ

ਉਨ੍ਹਾਂ ਦੇ ਪਿਤਾ, ਪੁਰਖਿਆਂ ਨੇ

ਅਹਿਮਦ ਸ਼ਾਹ ਅਬਦਾਲੀ, ਗਜ਼ਨਵੀ, ਬਾਬਰ, ਜਿਹੇ
ਧਾੜਵੀਆਂ ਨੂੰ ਵੰਗਾਰਿਆ ਸੀ

ਉਨ੍ਹਾਂ ਦੇ ਪਿਤਾ, ਪੁਰਖਿਆਂ ਨੇ
ਕਾਬੁਲ, ਕੰਧਾਰ, ਦੀਆਂ ਕੰਧਾਂ ਨੂੰ
ਕਾਂਬਾ ਛੇੜ ਦਿੱਤਾ ਸੀ

ਉਨ੍ਹਾਂ ਦੇ ਪਿਤਾ, ਪੁਰਖਿਆਂ ਨੇ
ਨਗਾਰੇ ਦੀ ਚੋਟ ਉੱਤੇ, ਕਿਹਾ ਸੀ
'ਰਾਜੇ ਸ਼ੀਂਹ, ਮੁਕੱਦਮ ਕੁੱਤੇ'

ਪਰ, ਕਿਸਾਨ, ਕੋਈ
ਆਮ ਆਦਮੀ ਨਹੀਂ ਸਨ-

ਸ਼ਹਿਰ ਵਿੱਚ, ਜਦੋਂ
ਹਕੂਮਤ ਦੇ ਪਾਲਤੂ, ਜ਼ਹਿਰੀ
ਹੰਕਾਰੀ, ਫਨੀਅਰ ਸੱਪ
ਹਰਲ, ਹਰਲ ਕਰਨ ਲੱਗੇ-
ਤਾਂ, ਉਨ੍ਹਾਂ, ਆਪਣੀਆਂ
ਕਹੀਆਂ, ਦਾਤਰੀਆਂ, ਪੰਜਾਲੀਆਂ, ਨਾਲ
ਸੱਪਾਂ ਦੀਆਂ ਸਿਰੀਆਂ ਫੇਹ ਦਿੱਤੀਆਂ
ਉਨ੍ਹਾਂ ਦੀਆਂ ਸੜਿਆਂਦ ਮਾਰਦੀਆਂ
ਲਾਸ਼ਾਂ, ਗੰਗਾ ਦੇ ਪਾਣੀਆਂ ਵਿੱਚ
ਵਹਾ ਦਿੱਤੀਆਂ

ਪਰ, ਕਿਸਾਨ, ਕੋਈ
ਆਮ ਆਦਮੀ ਨਹੀਂ ਸਨ-

ਸੱਤਾ ਦੇ ਨਸ਼ੇ ਵਿੱਚ ਚੂਰ
ਹੰਕਾਰੀ, ਹੁਕਮਰਾਨ ਦੇ
ਰਾਜ ਸਿੰਘਾਸਨ ਦੀਆਂ
ਉਹ, ਚੂਲਾਂ ਹਿਲਾ ਦੇਣੀਆਂ
ਵੀ ਜਾਣਦੇ ਸਨ
■

(ਮਾਲਟਨ, ਦਸੰਬਰ 13, 2020)

# ਸਾਡੇ ਸਮਿਆਂ ਦਾ ਸੱਚ

ਰਾਜਨੀਤੀ-ਗੰਗਾ  ਦੇ ਪਾਣੀਆਂ ਵਾਂਗ
ਗੰਧਲੀ ਹੋ ਚੁੱਕੀ ਹੈ
ਰਾਜਨੀਤੀਵਾਨ-ਨਿੱਜਪ੍ਰਸਤੀ ਦੀ, ਦਲਦਲ ਵਿੱਚ
ਡੂੰਘੇ ਧੱਸ ਚੁੱਕੇ ਹਨ
ਨੇਤਾ-ਲੋਕਾਂ ਨੂੰ, ਧਰਮਾਂ ਦੇ ਨਾਮ ਉੱਤੇ
ਲੜਾਉਣ ਲਈ ਸਾਜ਼ਿਸ਼ਾਂ ਕਰ ਰਹੇ ਹਨ
ਪੁਲਿਸ-ਲੋਕਾਂ ਉੱਤੇ, ਡਾਂਗਾਂ ਦਾ ਮੀਂਹ
ਵਰਾਹੁਣ ਵਿੱਚ ਰੁੱਝੀ ਹੋਈ ਹੈ
ਡੈਮੋਕਰੇਸੀ-ਸ਼ਹਿਰ ਦੀਆਂ, ਸੜਕਾਂ ਉੱਤੇ
ਡੂੰਘੇ ਟੋਏ ਪੁੱਟਣ ਵਿੱਚ ਗਲਤਾਨ ਹੈ
ਬੌਲੀਵੁੱਡ-ਮਾਨਸਿਕ ਤੌਰ ਉੱਤੇ, ਗਿੱਠਮੁੱਠੀਏ
ਮਰਦਾਂ, ਔਰਤਾਂ, ਦਾ ਗੜ੍ਹ ਬਣ ਰਿਹਾ ਹੈ
ਗੋਡਸੇ ਦਾ ਖੰਜਰ-ਸੜਕਾਂ ਉੱਤੇ ਫਨੀਅਰ ਸੱਪਾਂ ਵਾਂਗ
ਫੁੰਕਾਰੇ ਮਾਰ ਰਿਹਾ ਹੈ
ਗਾਂਧੀ ਦਾ ਚਰਖਾ-ਸਾਡੇ ਸੁਪਨਿਆਂ ਨੂੰ
ਹਕੀਕਤ ਵਿੱਚ ਬਦਲਣ ਦੇ ਕਾਬਿਲ ਨਹੀਂ ਰਿਹਾ
ਗੋਦੀ ਮੀਡੀਆ-ਹਕੂਮਤ ਦੇ ਇਸ਼ਾਰਿਆਂ ਉੱਤੇ
ਪਾਲਤੂ ਡੱਬੂਆਂ ਵਾਂਗ ਪੂਛ ਹਿਲਾ ਰਿਹਾ ਹੈ
ਕਿਸਾਨ-ਆਪਣੇ ਹੱਕਾਂ ਦੀ ਰਾਖੀ ਖਾਤਰ, ਠੰਢੀਆਂ ਰਾਤਾਂ ਵਿੱਚ
ਦੇਸ਼ ਦੀ ਰਾਜਧਾਨੀ ਅੰਦਰ ਅੰਦੋਲਨ ਕਰ ਰਿਹਾ ਹੈ

ਇੱਕ ਦੇਸ਼ ਦੇ ਰਾਜਸਿੰਘਾਸਨ ਉੱਤੇ
ਬੈਠੇ ਬਾਂਦਰ-
-ਆਪਣੇ, ਮੂੰਹਾਂ
-ਆਪਣੇ, ਕੰਨਾਂ
-ਆਪਣੀਆਂ, ਅੱਖਾਂ
ਉੱਤੇ ਹੱਥ ਰੱਖੀ
ਸੁੰਨ ਵੱਟਾ ਬਣੀ
ਬੈਠੇ ਹਨ

ਜਨਤਾ, ਹਕੂਮਤ ਦੇ
ਭਰਮ ਜਾਲ ਵਿੱਚ, ਮਦਮਸਤ ਹੋਈ
ਕੌਮੀ ਨਾਹਰੇ ਲਗਾ ਰਹੀ ਹੈ:

ਫਿਰਕਾਪ੍ਰਸਤੀ, ਜ਼ਿੰਦਾਬਾਦ !
ਧਾਰਮਿਕ ਕੱਟੜਵਾਦ, ਜ਼ਿੰਦਾਬਾਦ !!
ਜ਼ਾਤ-ਪਾਤ, ਮਨੂੰਵਾਦ, ਜ਼ਿੰਦਾਬਾਦ !!!
ਝੂਠਾ ਰਾਸ਼ਟਰਵਾਦ, ਜ਼ਿੰਦਾਬਾਦ !!!!
■

(ਮਾਲਟਨ, ਫਰਵਰੀ 5, 2021)

# ਰਾਜਨੀਤਕ ਜੁਮਲੇਬਾਜ਼

ਦੇਸ਼ ਵਿੱਚ, ਜਦੋਂ ਵੀ
ਚੋਣਾਂ ਦਾ ਮੌਸਮ ਆਉਂਦਾ
ਤਾਂ, ਉਹ–

ਗਲੀ, ਗਲੀ, ਪਿੰਡ, ਪਿੰਡ, ਸ਼ਹਿਰ, ਸ਼ਹਿਰ
ਜਾ ਕੇ, ਇਹੀ ਨਾਹਰੇ ਬੁਲੰਦ ਕਰਦੇ :
ਹਿੰਦੂਆਂ ਨੂੰ, ਮੁਸਲਮਾਨਾਂ ਤੋਂ ਖਤਰਾ ਹੈ
ਮੁਸਲਮਾਨਾਂ ਨੂੰ, ਯਹੂਦੀਆਂ ਤੋਂ ਖਤਰਾ ਹੈ
ਯਹੂਦੀਆਂ ਨੂੰ, ਈਸਾਈਆਂ ਤੋਂ ਖਤਰਾ ਹੈ
ਈਸਾਈਆਂ ਨੂੰ, ਬੋਧੀਆਂ ਤੋਂ ਖਤਰਾ ਹੈ
ਸਿੱਖਾਂ ਨੂੰ, ਈਸਾਈਆਂ ਤੋਂ ਖਤਰਾ ਹੈ

ਉਨ੍ਹਾਂ ਦੇ, ਇਹ ਨਾਹਰੇ
ਗਲੀਆਂ, ਬਾਜ਼ਾਰਾਂ, ਚੌਰਸਤਿਆਂ, ਵਿੱਚ
ਉਦੋਂ ਤੱਕ, ਗੂੰਜਦੇ ਰਹਿੰਦੇ, ਜਦੋਂ ਤੱਕ
ਭੋਲੇ–ਭਾਲੇ, ਲੋਕ, ਉਨ੍ਹਾਂ ਦੀਆਂ, ਗੱਲਾਂ ਵਿੱਚ ਆ
ਇੱਕ ਦੂਜੇ ਦੇ, ਢਿੱਡਾਂ ਵਿੱਚ
ਛੁਰੇ ਖੋਬਣੇ ਸ਼ੁਰੂ ਨ ਕਰ ਦਿੰਦੇ
ਇੱਕ ਦੂਜੇ ਦੇ, ਘਰਾਂ ਨੂੰ
ਅੱਗਾਂ ਲਗਾਉਣੀਆਂ ਸ਼ੁਰੂ ਨ ਕਰ ਦਿੰਦੇ
ਇੱਕ ਦੂਜੇ ਦੇ, ਧਰਮ ਸਥਾਨਾਂ ਨੂੰ
ਮਲੀਆ–ਮੇਟ ਕਰਨਾ ਸ਼ੁਰੂ ਨ ਕਰ ਦਿੰਦੇ

ਫਿਰ, ਇਹ ਜੁਮਲੇਬਾਜ਼
ਜੇਤੂ ਧਾੜਵੀਆਂ ਵਾਂਗ, ਆਪਣੇ
ਹਥਿਆਰਬੰਦ, ਗੁੰਡਾ–ਗ੍ਰੋਹਾਂ ਦੀ, ਭੀੜ ਬਣਾ
ਡਰ ਅਤੇ ਸਹਿਮ ਨਾਲ, ਕੰਬ ਰਹੇ
ਲੋਕਾਂ ਦੇ, ਹਜੂਮ ਤੋਂ, ਝੁਕੀਆਂ ਹੋਈਆਂ
ਗਰਦਨਾਂ ਦੀ, ਸਲਾਮੀ ਲੈਣ ਲਈ
ਸੜਕਾਂ ਉੱਤੇ ਨਿਕਲਦੇ

ਹੁਣ, ਇਨ੍ਹਾਂ, ਮਨੂੰਵਾਦੀ, ਚਾਣਕੀਆ
ਨੀਤੀ ਦੇ ਪਾਲਣਹਾਰਿਆਂ ਨੂੰ
ਪੂਰਾ ਯਕੀਨ ਹੋ ਚੁੱਕਾ ਹੁੰਦਾ–

ਇਹ, ਮੁਰਦਾ ਬਣ ਚੁੱਕੀਆਂ, ਰੂਹਾਂ
ਏਵੀਐਮ ਮਸ਼ੀਨਾਂ ਦੇ ਬਟਨ
ਦਬਾਉਣ ਲੱਗਿਆਂ, ਸਿਰਫ ਤੇ ਸਿਰਫ
ਉਨ੍ਹਾਂ ਦੇ, ਚਿਹਰੇ ਹੀ
ਯਾਦ ਰੱਖਣਗੀਆਂ-
ਉਨ੍ਹਾਂ ਦੇ, ਚੋਣ ਨਿਸ਼ਾਨਾਂ ਉੱਤੇ ਹੀ
ਮੋਹਰਾਂ ਲਗਾਉਣਗੀਆਂ

ਇਸ ਸੋਚ ਨਾਲ
ਖਿੜ ਉੱਠਦੇ, ਜੁਮਲੇਬਾਜ਼ਾਂ ਦੇ
ਚਿਹਰੇ-

ਚਿੱਕੜ ਵਿੱਚ ਉੱਗੇ
ਕਮਲ ਦੇ, ਫੁੱਲਾਂ ਵਾਂਗ
■

(ਮਾਲਟਨ, ਜਨਵਰੀ 6, 2022)

# ਰਾਜਨੀਤੀਵਾਨ ਨੇ ਆਖਿਆ

ਰਾਜਨੀਤੀਵਾਨ ਨੇ ਆਖਿਆ :
ਅਸੀਂ, ਜ਼ੁਬਾਨ ਦੇ ਪੱਕੇ ਹਾਂ
ਜੋ, ਕਹਾਂਗੇ
ਉਹ, ਕਰ ਕੇ ਵੀ
ਦਿਖਾਵਾਂਗੇ–

ਅਸੀਂ, ਕਿਹਾ ਸੀ :
ਅਸੀਂ, ਵਿਕਾਸ
ਕਰਾਂਗੇ–

ਪਹਿਲਾਂ, ਹਰ ਸ਼ਹਿਰ ਵਿੱਚ
ਇੱਕ, ਇੱਕ, ਹੀ ਸ਼ਮਸ਼ਾਨ ਘਰ
ਹੁੰਦਾ ਸੀ–
ਹੁਣ, ਅਸੀਂ, ਸ਼ਹਿਰ ਦੇ, ਹਰ ਚੌਰਸਤੇ ਵਿੱਚ
ਸ਼ਮਸ਼ਾਨ ਘਰ ਬਣਾ ਦਿੱਤੇ ਹਨ

ਅਸੀਂ, ਤਾਂ, ਦੇਸ਼ਵਾਸੀਆਂ ਨੂੰ
ਏਨੀ ਖੁੱਲ੍ਹ ਦੇ ਦਿੱਤੀ ਹੈ–
ਉਹ, ਆਪਣੇ, ਪਰਵਾਰ ਦੇ ਬੰਦਿਆਂ ਨੂੰ
ਸ਼ਹਿਰ ਦੀਆਂ ਸੜਕਾਂ ਉੱਤੇ ਹੀ
ਫੂਕ ਸਕਦੇ ਹਨ

ਰਾਜਨੀਤੀਵਾਨ ਨੇ ਆਖਿਆ :
ਅਸੀਂ, ਜ਼ੁਬਾਨ ਦੇ ਪੱਕੇ ਹਾਂ
ਜੋ, ਕਹਾਂਗੇ
ਉਹ, ਕਰ ਕੇ ਵੀ
ਦਿਖਾਵਾਂਗੇ–

ਪਹਿਲਾਂ, ਸ਼ਹਿਰ ਦੇ, ਸ਼ਮਸ਼ਾਨ ਘਰਾਂ ਵਿੱਚ
ਕੋਈ, ਕੋਈ, ਵਿਅਕਤੀ ਹੀ ਜਾਂਦਾ ਸੀ
ਸਾਡੀ ਹਕੂਮਤ ਨੇ, ਸ਼ਮਸ਼ਾਨ ਘਰਾਂ ਵਿੱਚ
ਹੁਣ, ਏਨੀ ਚਹਿਲ ਪਹਿਲ ਕਰ ਦਿੱਤੀ ਹੈ
ਲੋਕ, ਆਪਣੇ, ਪੂਰੇ ਪੂਰੇ ਪਰਿਵਾਰ ਨੂੰ ਹੀ
ਸ਼ਮਸ਼ਾਨ ਘਰਾਂ ਵਿੱਚ ਫੂਕਣ ਆ ਰਹੇ ਹਨ

ਰਾਜਨੀਤੀਵਾਨ ਨੇ ਆਖਿਆ :
ਅਸੀਂ, ਜ਼ੁਬਾਨ ਦੇ ਪੱਕੇ ਹਾਂ
ਜੋ, ਕਹਾਂਗੇ
ਉਹ, ਕਰ ਕੇ ਵੀ
ਦਿਖਾਵਾਂਗੇ-

ਅਸੀਂ, ਪੂਰੇ ਦੇਸ਼ 'ਚ
ਲੋਕ-ਪ੍ਰੀਯਾ, ਜਨ ਸਿਹਤ ਸਕੀਮ ਸ਼ੁਰੂ ਕਰ ਕੇ
ਲੋਕਾਂ ਨੂੰ ਏਨਾ ਮੰਤਰ-ਮੁਗਧ ਕਰ ਲਿਆ
ਹੁਣ, ਸ਼ਹਿਰ ਤਾਂ ਕੀ, ਦੇਸ਼ ਦੇ
ਹਰ ਪਿੰਡ ਪਿੰਡ ਵਿੱਚ ਵੀ
ਲੋਕ ਆਪਣੇ ਨਾਲ, ਹਰ ਸਮੇਂ
ਆਕਸੀਜ਼ਨ ਗੈਸ ਦੇ ਸਿਲੰਡਰ
ਲਿਜਾਣਾ ਨਹੀਂ ਭੁੱਲਦੇ

ਤਾਂ, ਜੁ, ਉਹ, ਹਰ ਸਮੇਂ
ਆਪਣਾ, ਸਾਹ ਸੁਰੱਖਿਅਤ
ਰੱਖ ਸਕਣ

ਅਸੀਂ, ਜਾਣਦੇ ਹਾਂ-
ਤੁਹਾਡਾ ਸਾਹ ਸੁਰੱਖਿਅਤ ਹੈ
ਤਾਂ, ਸਾਰਾ ਦੇਸ਼ ਹੀ
ਸੁਰੱਖਿਅਤ ਹੈ

ਅਸੀਂ, ਤੁਹਾਡੇ ਸਾਹ ਨਾਲ
ਪੁਲਵਾਮਾ ਜਿਹੀ, ਕੋਈ
ਦਹਿਸ਼ਤਗਰਦੀ ਦੀ ਘਟਨਾ
ਹਰਗਿਜ਼, ਨਹੀਂ
ਵਾਪਰਨ ਦੇਵਾਂਗੇ

ਹਰਗਿਜ਼ ਨਹੀਂ
■

(ਮਾਲਟਨ, ਮਈ 11, 2021)

# ਇਖਲਾਕ

ਰਾਜਨੀਤੀ ਦੇ, ਰੰਗਬਰੰਗੇ, ਪਾਣੀਆਂ ਵਾਲੇ
ਛੱਪੜਾਂ 'ਚ, ਡੱਡੂਆਂ ਵਾਂਗ
ਗੜੈਂ ਗੜੈਂ ਕਰਦਾ ਫਿਰਦਾ ਹੈ
ਇਖਲਾਕ-

ਜਿਨ੍ਹਾਂ-
ਛੱਪੜਾਂ ਦੇ ਰਖਵਾਲੇ
ਦੇਸ਼ ਦੀਆਂ, ਘੱਟ ਗਿਣਤੀਆਂ ਦਾ
ਕਤਲ ਕੀਤੇ ਜਾਣ ਦੇ, ਦਿਨ ਰਾਤ
ਮਨਸੂਬੇ ਬਣਾਂਦੇ ਹਨ

ਜਿਨ੍ਹਾਂ-
ਛੱਪੜਾਂ ਦੇ ਮਾਲਿਕ
ਆਪਣੇ ਆਪ ਨੂੰ
ਹਿਟਲਰ ਦੀ ਔਲਾਦ
ਅਖਵਾਉਣ ਵਿੱਚ ਮਾਣ
ਮਹਿਸੂਸ ਕਰਦੇ ਹਨ

ਜਿਨ੍ਹਾਂ-
ਛੱਪੜਾਂ ਦੇ ਚੌਕੀਦਾਰ
ਨਸ਼ਿਆਂ ਦੇ ਮਹਾਂਸੌਦਾਗਰਾਂ ਨੂੰ
ਕਾਬੂ ਕਰਨ ਦੇ ਬਹਾਨੇ, ਉਨ੍ਹਾਂ ਨਾਲ
ਦੋਸਤਾਨਾ, ਲੁਕਣਮੀਟੀ ਦੀ
ਖੇਡ ਖੇਡਦੇ ਹਨ

ਜਿਨ੍ਹਾਂ-
ਛੱਪੜਾਂ ਦੇ ਦਾਹਵੇਦਾਰ
ਰਾਜਨੀਤਕ ਐਲਾਨਨਾਮਿਆਂ ਦੀ, ਨਿੱਤ
ਮੂਸਲਾਧਾਰ, ਬਰਸਾਤ ਕਰਦੇ ਹਨ

ਜਿਨ੍ਹਾਂ-
ਛੱਪੜਾਂ ਦੇ ਸੁਰੱਖਿਆ ਦਲ
ਸੜਕਾਂ, ਬਾਜ਼ਾਰਾਂ, ਚੌਰਸਤਿਆਂ, 'ਚ
ਆਪਣੀਆਂ ਮੰਗਾਂ, ਆਪਣੇ ਹੱਕਾਂ, ਲਈ

ਆਵਾਜ਼ ਬੁਲੰਦ ਕਰ ਰਹੇ
ਬੱਚਿਆਂ, ਬੁੱਢਿਆਂ, ਜਵਾਨਾਂ, ਮਰਦਾਂ, ਔਰਤਾਂ, ਦੇ
ਸਿਰਾਂ ਵਿੱਚ ਸੁੰਮਾਂ ਵਾਲੀਆਂ
ਡਾਂਗਾਂ ਠਾਹ ਠਾਹ ਮਾਰ
ਜਨ ਮਨ ਗਨ ਦਾ
ਕੌਮੀ ਗੀਤ ਗੁਣਗੁਣਾ
ਰਹੇ ਹਨ

ਰਾਜਨੀਤੀ ਦੇ ਡੱਡੂ
ਚੱਪਣੀਆਂ 'ਚ, ਇਖਲਾਕ ਦਾ
ਪਾਣੀ ਪਾ, ਆਪਣੇ ਨੱਕ
ਡੋਬਣ ਦੀ ਦੌੜ ਵਿੱਚ
ਮਦਮਸਤ ਹੋਏ, ਦਿਨ ਰਾਤ
ਗੜੈਂ ਗੜੈਂ ਦਾ, ਰਾਗ
ਅਲਾਪ ਰਹੇ ਹਨ
■

(ਜਨਵਰੀ 2, 2022, ਮਾਲਟਨ)

# ਚਾਣਕਿਆ ਰਾਜਨੀਤੀ ਮੰਤਰ

ਸਿੰਘਾਸਨ 'ਤੇ ਬੈਠੇ
ਰਾਜੇ ਦੇ ਕੰਨਾਂ 'ਚ
ਉਸ ਨੇ ਕਿਹਾ :
'ਯਾਦ ਰੱਖੀਂ-
ਜਦੋਂ, ਭੁੱਖਾਂ, ਜ਼ੁਲਮਾਂ, ਵਿਤਕਰਿਆਂ ਦੇ ਸਤਾਏ ਲੋਕ
ਧਰਮਾਂ, ਜਾਤਾਂ-ਪਾਤਾਂ, ਰੰਗਾਂ, ਨਸਲਾਂ, ਦੇ ਭੇਦ
ਆਪਣੇ ਜ਼ਿਹਨ ਤੋਂ ਬਾਹਰ ਕੱਢ
ਇਕੱਠੇ ਬੈਠ ਗਏ, ਤਾਂ
ਉਹ ਦਿਨ, ਤੇਰੀ
ਮੌਤ ਦਾ ਪੈਗ਼ਾਮ ਹੋਵੇਗਾ'

ਇਹ ਸੁਣ-
ਰਾਜੇ ਦੇ ਸਿਰ 'ਚ, ਚਿੰਤਾ ਦੇ
ਹਥੌੜੇ ਵੱਜਣ ਲੱਗੇ
ਉਸਦਾ ਦਿਲ, ਸਹਿਮ ਨਾਲ
ਜਵਾਲਾ ਮੁਖੀ ਵਾਂਗ ਕੰਬਿਆ

ਰਾਜ ਸਿੰਘਾਸਨ ਤੋਂ ਉਤਰ
ਗੁਰੂ ਦੇ ਪੈਰਾਂ 'ਤੇ
ਡੰਡੌਤ-ਬੰਦਨਾ ਕਰ
ਉਹ, ਕੰਬਦੀ ਆਵਾਜ਼ 'ਚ
ਬੁੜਬੜਾਨ ਲੱਗਾ :
'ਹੇ ਗੁਰੂਦੇਵ !
ਅਸ਼ੀਰਵਾਦ ਦਿਓ !!
-ਮੇਰਾ ਸਿੰਘਾਸਨ
ਸਦਾ ਸਲਾਮਤ ਰਹੇ'

ਆਪਣੀ, ਗਿੱਠ ਕੁ ਲੰਬੀ
ਬੋਦੀ ਨੂੰ ਗੱਠ ਮਾਰਦਿਆਂ
ਚਾਣਕਿਆ ਬੋਲਿਆ:
'ਯਾਦ ਰੱਖੀਂ-
ਜਦੋਂ ਵੀ ਲੋਕ, ਧਰਮਾਂ
ਜਾਤਾਂ-ਪਾਤਾਂ, ਰੰਗਾਂ, ਨਸਲਾਂ ਨੂੰ
ਭੁਲਾ ਕੇ, ਮਿਲ ਬੈਠਣ

ਤਾਂ, ਆਪਣੇ, ਟੁੱਕੜਬੋਚ, ਪਾਲਤੂ
ਭੇਜੋ, ਜੋ, ਧਰਮਾਂ ਦੇ ਨਾਂ 'ਤੇ
ਬਖੇੜੇ ਪੈਦਾ ਕਰ ਸਕਣ'

ਚਾਣਕਿਆ ਰਾਜਨੀਤੀ ਮੰਤਰ
ਹਵਾ ਵਿੱਚ ਗੂੰਜਿਆ

ਰਾਜ ਮਹਿਲੀਂ ਸੰਖ ਵੱਜੇ
ਹਰ ਪਾਸੇ, ਟੁੱਕੜਬੋਚਾਂ, ਪਾਲਤੂਆਂ ਨੇ
ਰਾਜੇ ਦੀ ਜੈ ਜੈ ਕਾਰ ਕੀਤੀ
ਝੂਠ ਦਾ ਦਰਬਾਰ
ਰੇਡੀਓ, ਟੀਵੀ, ਅਖਬਾਰਾਂ 'ਚ
ਸੁਰਖੀਆਂ ਬਨਣ ਲੱਗਾ

ਟੁੱਕੜਬੋਚਾਂ, ਪਾਲਤੂਆਂ, ਫਰੇਬੀ ਚਿਹਰਿਆਂ ਦੇ
ਖਜ਼ਾਨੇ ਭਰਨ ਲੱਗਾ

ਅੰਗਰੇਜ਼, ਪਾਣੀ ਨੂੰ ਵੀ
ਹਿੰਦੂ ਪਾਣੀ, ਮੁਸਲਿਮ ਪਾਣੀ
ਕਹਿ, ਸੈਂਕੜੇ ਸਾਲ ਤੱਕ
ਹਿੰਦੁਸਤਾਨ ਉੱਤੇ
ਰਾਜ ਕਰ ਗਏ

ਯਾਦ ਰੱਖੀਂ !
ਯਾਦ ਰੱਖੀਂ !!
ਯਾਦ ਰੱਖੀਂ !!!
■
(ਮਾਲਟਨ, ਦਸੰਬਰ 15, 2020)

# ਹਕੂਮਤ ਦੇ ਚਲਿੱਤਰ

ਹਕੂਮਤ, ਬੜੀਆਂ ਖੇਡਾਂ
ਖੇਡਣੀਆਂ ਜਾਣਦੀ ਹੈ-

ਜ਼ਰਾ ਜਿਹੀ ਵੀ, ਕਿਤੋਂ
ਵਿਦਰੋਹ ਦੀ ਆਹਟ ਮਿਲੇ
ਹਕੂਮਤ ਦੇ ਇਸ਼ਾਰਿਆਂ 'ਤੇ
ਨੱਚਦੀ ਹੋਈ, ਅਕਾਲ ਫੌਜ
ਟੀਵੀ ਕੈਮਰਿਆਂ ਸਾਹਮਣੇ, ਲੱਛੇਦਾਰ
ਧਰਮੀ, ਧੂਮ-ਧੜੱਕਾਬਾਜ਼, ਭਾਸ਼ਨ ਦੇ
ਹਵਾ ਵਿੱਚ, ਆਪਣਾ, ਪਰਚਮ ਲਹਿਰਾ
ਸਾਧਾਰਨ, ਭੋਲੇ-ਭਾਲੇ, ਆਮ ਆਦਮੀ ਦੀ
ਮਾਨਸਿਕਤਾ ਵਿੱਚ, ਭਾਵਨਾਵਾਂ ਦੀ ਚਾਸ਼ਨੀ 'ਚ
ਡੁੱਬੇ, ਭ੍ਰਿਸ਼ਟ ਵਿਚਾਰਾਂ ਦਾ ਛਿੜਕਾਅ ਕਰਕੇ
ਦ੍ਰਿਸ਼ ਤੋਂ, ਅਚਾਨਕ
ਆਲੋਪ ਹੋ ਜਾਂਦੀ ਹੈ

ਹਕੂਮਤ, ਬੜੀਆਂ ਖੇਡਾਂ
ਖੇਡਣੀਆਂ ਜਾਣਦੀ ਹੈ-

ਕਿਸਾਨ, ਆਪਣੀਆਂ, ਹੱਕੀ ਮੰਗਾਂ ਮੰਗਣ ਲਈ
ਦੇਸ਼ ਦੀ ਰਾਜਧਾਨੀ ਵਿੱਚ ਆ ਪਹੁੰਚਣ
ਹਕੂਮਤ ਦੇ ਇਸ਼ਾਰਿਆਂ 'ਤੇ
ਡਿਸਕੋ ਡਾਂਸ ਕਰਦਾ ਗੋਦੀ ਮੀਡੀਆ
ਚੀਖ, ਚੀਖ, ਹਾਲੋਂ ਬੇਹਾਲ ਹੋ ਜਾਂਦਾ ਹੈ
ਇਹ, ਕਿਸਾਨ ਨਹੀਂ-
ਇਹ, ਤਾਂ, ਖਾਲਿਸਤਾਨੀ, ਨਕਸਲਵਾਦੀ, ਟੁੱਕੜਾ-ਟੁੱਕੜਾ ਗੈਂਗ
ਇਹ, ਤਾਂ, ਦੇਸ਼ ਦੀ, ਅਖੰਡਤਾ ਲਈ ਖ਼ਤਰਾ
ਇਹ, ਤਾਂ, ਦੇਸ਼-ਧ੍ਰੋਹੀ
ਇਹ, ਤਾਂ, ਦੇਸ਼ ਦੀ ਤਬਾਹੀ ਕਰ ਦੇਣਗੇ
ਇਹ, ਤਾਂ, ਬਦੇਸ਼ੀ ਤਾਕਤਾਂ ਦੇ ਏਜੰਟ ਹਨ

ਹਕੂਮਤ, ਬੜੀਆਂ ਖੇਡਾਂ
ਖੇਡਣੀਆਂ ਜਾਣਦੀ ਹੈ-

ਬੌਲੀਵੁੱਡ ਦੇ ਅਭਿਨੇਤਾਵਾਂ, ਅਭਿਨੇਤਰੀਆਂ, ਨੂੰ-
ਪੂਛਾਂ ਹਿਲਾਉਣੀਆਂ ਸਿਖਾਂਦੀ ਹੈ
ਕ੍ਰਿਕਟ ਖਿਡਾਰੀਆਂ ਨੂੰ-
ਰਾਜ-ਸਿੰਘਸਣ ਦੇ ਪਾਵੇ ਬਨਣਾ ਸਿਖਾਂਦੀ ਹੈ
ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ, ਨੂੰ-
ਮੂੰਹਾਂ 'ਚੋਂ ਲਾਲਾਂ ਡੇਗਣੀਆਂ ਸਿਖਾਂਦੀ ਹੈ
ਰਾਜਨੀਤੀਵਾਨਾਂ ਨੂੰ-
ਦੁੰਮ-ਛੱਲੇ ਬਨਣਾ ਸਿਖਾਂਦੀ ਹੈ

ਹਕੂਮਤ, ਬੜੀਆਂ ਖੇਡਾਂ
ਖੇਡਣੀਆਂ ਜਾਣਦੀ ਹੈ-

ਹਕੂਮਤ, ਤੁਹਾਡੇ ਦਿਮਾਗ਼ਾਂ ਵਿੱਚ
ਕੂੜੇ ਦੇ ਢੇਰ ਲਗਾ ਸਕਦੀ ਹੈ
ਹਕੂਮਤ, ਤੁਹਾਡੇ ਦਿਲਾਂ ਵਿੱਚ
ਕਬਰਸਤਾਨ ਬਣਾ ਸਕਦੀ ਹੈ
ਹਕੂਮਤ, ਤੁਹਾਡੀਆਂ ਭਾਵਨਾਵਾਂ ਨੂੰ
ਅੱਗ ਦੇ ਭਾਂਬੜ ਬਣਾ ਸਕਦੀ ਹੈ
ਹਕੂਮਤ, ਤੁਹਾਡੀ ਸਮੁੱਚੀ ਹੋਂਦ ਨੂੰ, ਇੱਕ
ਬਦਬੂ ਮਾਰਦੇ, ਮਰੇ ਹੋਏ, ਚੂਹੇ ਵਿੱਚ ਬਦਲ ਸਕਦੀ ਹੈ
■

(ਮਾਲਟਨ, ਫਰਵਰੀ 20, 2021)

# ਸੱਤਾ ਦੀਆਂ ਕਾਲੀਆਂ ਬਿੱਲੀਆਂ

ਸੱਤਾ, ਆਪਣੇ, ਚਿੜੀਆ ਘਰਾਂ ਵਿੱਚ
ਹਮੇਸ਼ਾ, ਕਾਲੀਆਂ ਬਿੱਲੀਆਂ ਪਾਲਦੀ ਹੈ-

ਰਾਜਸਿੰਘਾਸਨ ਦੀਆਂ ਬਦਨੀਤੀਆਂ ਨੂੰ
ਨੰਗਾ ਕਰਨ ਲਈ, ਜਦ ਵੀ, ਲੋਕ
ਸੜਕਾਂ ਉੱਤੇ ਨਿਕਲਦੇ ਹਨ, ਤਾਂ
ਸੱਤਾ ਉੱਤੇ ਕਾਬਜ਼, ਹਤਿਆਰੇ
ਮੌਕਾ ਦੇਖ, ਦਹਿਸ਼ਤ ਫੈਲਾਉਣ ਲਈ
ਇਨ੍ਹਾਂ, ਕਾਲੀਆਂ ਬਿੱਲੀਆਂ ਨੂੰ
ਖੁੱਲ੍ਹਾ ਛੱਡ ਦਿੰਦੇ ਹਨ

ਇਹ, ਕਾਲੀਆਂ ਬਿੱਲੀਆਂ
ਜਿਨ੍ਹਾਂ ਨੂੰ, ਹਤਿਆਰਿਆਂ ਨੇ
ਸੱਤਾ ਦੇ ਗਲਿਆਰਿਆਂ ਵਿੱਚ ਬੁਲਾ
ਤਰ੍ਹਾਂ ਤਰ੍ਹਾਂ ਦੇ, ਕਾਤਲਾਂ ਵਾਲੇ, ਮੁਖੌਟੇ ਪੁਆ
ਵਰ੍ਹਿਆਂ ਬੱਧੀ, ਸਿੱਖਿਅਤ ਕੀਤਾ ਹੁੰਦਾ ਹੈ
ਆਪਣੇ, ਆਕਾਵਾਂ ਦਾ ਇਸ਼ਾਰਾ ਮਿਲਦਿਆਂ ਹੀ
ਆਪਣੇ, ਖੂੰਖਾਰ ਚਿਹਰਿਆਂ ਨੂੰ
ਧਰਮੀ ਪਰਚਮਾਂ ਵਾਂਗ
ਪਰਦਰਸ਼ਿਤ ਕਰਦੀਆਂ ਹਨ

ਆਮ, ਸਾਧਾਰਨ, ਭੋਲੇ-ਭਾਲੇ, ਲੋਕਾਂ ਨੂੰ
ਆਪਣੀਆਂ, ਨਾਟਕੀ, ਅਦਾਵਾਂ ਨਾਲ ਭਰਮਾਅ ਕੇ
ਆਪਣੇ, ਨੇੜੇ ਲਿਆਉਣ ਦੀ
ਨੌਟੰਕੀ ਕਰਦੀਆਂ ਹਨ

ਪਤਾ ਹੀ ਨਹੀਂ ਲੱਗਦਾ, ਕਦੋਂ
ਇਹ, ਸੱਤਾ ਦੀਆਂ, ਖੂੰਖਾਰ ਕਾਲੀਆਂ ਬਿੱਲੀਆਂ
ਲੋਕਾਂ ਨੂੰ, ਧਰਮੀ ਭੜਕਾਅਟ ਲਿਆਉਣ ਦੀਆਂ ਗੋਲੀਆਂ ਵੰਡ
ਸੱਤਾ ਵੱਲੋਂ ਵਿਛਾਏ ਭਰਮ ਜਾਲ ਵਿੱਚ ਫਸਾ, ਮੋਟਰਸਾਈਕਲਾਂ ਉੱਤੇ
ਸਵਾਰ ਹੋ, ਰਫੂ-ਚੱਕਰ ਹੋ ਜਾਂਦੀਆਂ ਹਨ

ਸੱਤਾ ਦਾ, ਭੌਂਕੂ, ਪਾਲਤੂ ਮੀਡੀਆ
ਦੇਸ਼ ਭਗਤ ਲੋਕਾਂ ਨੂੰ, ਦੇਸ਼-ਧ੍ਰੋਹੀ ਹੋਣ ਦੇ

ਸਰਟੀਫੀਕੇਟ ਵੰਡਣ ਵਿੱਚ
ਰੁੱਝ ਜਾਂਦਾ ਹੈ

ਸੱਤਾ, ਕਾਲੀਆਂ ਬਿੱਲੀਆਂ, ਪਾਲਤੂ ਮੀਡੀਆ
ਭਰਿਸ਼ਟਾਚਾਰ ਦੀ ਇਹ ਤ੍ਰਿਵੈਣੀ-

ਲੋਕ-ਮਾਨਸਿਕਤਾ ਨੂੰ ਭ੍ਰਿਸ਼ਟ ਕਰਨ ਲਈ
ਕਿਸ ਹੱਦ ਤੱਕ, ਤਬਾਹਕੁਨ ਸਾਬਿਤ ਹੋ ਸਕਦੀ ਹੈ
ਤੁਸੀਂ, ਕਦੀ, ਅਨੁਮਾਨ ਵੀ
ਨਹੀਂ ਲਗਾ ਸਕਦੇ
■
(ਮਾਲਟਨ, ਜਨਵਰੀ 29, 2021)

# ਖ਼ੁਫ਼ੀਆ-ਤੰਤਰ ਦੇ ਕੁੱਤੇ

ਹਕੂਮਤ ਨੂੰ ਡਰ ਸੀ
ਅਦੀਬ, ਸ਼ਹਿਰ ਵਿੱਚ
ਵਿਦਰੋਹ ਦੀ, ਸੁਲਗ ਰਹੀ
ਅੱਗ ਨੂੰ, ਭਾਂਬੜਾਂ ਵਿੱਚ
ਬਦਲ ਸਕਦੇ ਹਨ

ਕਿਸਾਨਾਂ ਨੇ, ਹਕੂਮਤ ਵਿਰੁੱਧ
ਵਿਦਰੋਹ ਕੀਤਾ, ਤਾਂ-
ਹਕੂਮਤੀ, ਖ਼ੁਫ਼ੀਆ-ਤੰਤਰ ਦੇ
ਕੁੱਤੇ, ਸ਼ਹਿਰ ਵਿੱਚ, ਹਰ ਪਾਸੇ
ਹਰਲ, ਹਰਲ, ਕਰਨ ਲੱਗੇ

ਖ਼ੁਫ਼ੀਆ-ਤੰਤਰ ਦੇ, ਸਿਖਲਾਈ ਪ੍ਰਾਪਤ
ਕੁੱਤੇ, ਅਦਬੀ ਮਹਿਫ਼ਲਾਂ ਵਿੱਚ
ਸੁੰਘਦੇ ਫਿਰਦੇ, ਕਿਸ ਅਦੀਬ
ਕਿਸ ਚਿੰਤਕ, ਕਿਸ ਬੁੱਧੀਜੀਵੀ, ਨੇ
ਕਿਸਾਨ ਸੰਘਰਸ਼ ਦੇ ਹੱਕ ਵਿੱਚ
ਆਪਣੀ, ਆਵਾਜ਼
ਬੁਲੰਦ ਕੀਤੀ ਸੀ

ਖ਼ੁਫ਼ੀਆ-ਤੰਤਰ ਦੇ ਕੁੱਤੇ
ਸ਼ਹਿਰ ਦੀਆਂ, ਅਦਬੀ ਮਹਿਫ਼ਲਾਂ ਵਿੱਚ
ਘੁੰਮਦੇ-ਫਿਰਦੇ, ਕੁਝ, ਇੰਝ
ਨਜ਼ਰ ਆਉਂਦੇ, ਜਿਵੇਂ, ਕਿਤੇ, ਉਹ
ਉਨ੍ਹਾਂ ਮਹਿਫ਼ਲਾਂ ਦੇ, ਮੁੱਖ
ਮਹਿਮਾਨ ਹੋਣ, ਉਨ੍ਹਾਂ
ਮਹਿਫ਼ਲਾਂ ਦੀ, ਜਿੰਦ
ਜਾਨ ਹੋਣ

ਵਿਚਾਰੇ-
ਅਦੀਬ, ਚਿੰਤਕ, ਬੁੱਧੀਜੀਵੀ !
■

(ਮਾਲਟਨ, ਨਵੰਬਰ 1, 2021)

# ਨਾਗਪੁਰੀ ਸੰਤਰੇ

ਉਹ, ਵੀ, ਦਿਨ ਸਨ
ਨਾਗਪੁਰੀ ਸੰਤਰੇ, ਆਪਣੀ
ਮਿਠਾਸ ਲਈ, ਮਸ਼ਹੂਰ
ਹੁੰਦੇ ਸਨ, ਹਰ ਪਾਸੇ ਹੀ

ਪਰ, ਫਿਰ
ਪਤਾ ਨਹੀਂ, ਕੀ, ਅਜਿਹਾ
ਭਾਣਾ ਵਰਤਿਆ, ਨਾਗਪੁਰੀ
ਸੰਤਰਿਆਂ ਦੀਆਂ ਜੜ੍ਹਾਂ ਵਿੱਚ, ਜ਼ਹਿਰੀ
ਫਨੀਅਰ ਸੱਪ ਆਣ ਬੈਠੈ

ਨਾਗਪੁਰੀ ਸੰਤਰੇ, ਜਿੱਥੇ
ਕਿਤੇ, ਵੀ, ਜਾਂਦੇ
ਕੁਰਬਲ, ਕੁਰਬਲ, ਕਰਦੇ
ਜ਼ਹਿਰੀ ਸੱਪ, ਉਨ੍ਹਾਂ 'ਚੋਂ ਨਿਕਲ
ਕੂਕਣ ਲੱਗਦੇ:
ਸਾਡਾ, ਧਰਮ ਖਤਰੇ ਵਿੱਚ ਹੈ
ਸਾਡਾ, ਧਰਮ ਖਤਰੇ ਵਿੱਚ ਹੈ
ਸਾਡਾ, ਧਰਮ ਖਤਰੇ ਵਿੱਚ ਹੈ

ਕੁਦਰਤ ਦੀ ਦੇਣ
ਪਾਣੀ ਵਿੱਚ ਵੀ, ਉਹ
ਲੀਕਾਂ ਮਾਰਨ ਲੱਗਦੇ:
ਇਹ, ਹਿੰਦੂ ਪਾਣੀ ਹੈ
ਇਹ, ਸਿੱਖ ਪਾਣੀ ਹੈ
ਇਹ, ਮੁਸਲਿਮ ਪਾਣੀ ਹੈ
ਇਹ, ਈਸਾਈ ਪਾਣੀ ਹੈ

ਨਾਗਪੁਰੀ ਸੰਤਰਿਆਂ ਨੇ
ਦੇਸ਼ ਦੇ, ਵਿਸ਼ਵ-ਵਿੱਦਿਆਲਿਆਂ ਵਿੱਚ ਵੀ
ਆਪਣੇ, ਪ੍ਰਵਚਨਕਰਤਾ
ਲੱਭ ਲਏ

ਪ੍ਰਵਚਨਕਰਤਾ-

ਸਾਹਿਤਕ ਅਦਾਰਿਆਂ ਵਿੱਚ ਜਾ ਕੇ
ਉੱਭਰ ਰਹੇ, ਸਾਹਿਤਕਾਰਾਂ ਨੂੰ ਦੱਸਦੇ:
ਨਾਗਪੁਰੀ ਸੰਤਰੇ, ਉਨ੍ਹਾਂ ਲਈ
ਬਹੁਤ ਲਾਭਕਾਰੀ ਹਨ

ਉਹ, ਉਨ੍ਹਾਂ ਨੂੰ, ਦੱਸਦੇ:
ਦੇਸ਼ ਵਿੱਚ, ਨਾਗਪੁਰੀ
ਸੰਤਰਿਆਂ ਦਾ ਹੀ
ਭਵਿੱਖ ਹੈ

ਪਰ, ਜਦੋਂ
ਪ੍ਰਵਚਨਕਰਤਾ, ਨਾਗਪੁਰੀ ਸੰਤਰਿਆਂ
ਦੀਆਂ ਸਿਫਤਾਂ ਦੇ ਪੁਲ ਬੰਨ੍ਹਣ ਲੱਗਦੇ
ਤਾਂ, ਉਨ੍ਹਾਂ ਦੀਆਂ ਸ਼ਕਲਾਂ
ਜ਼ਹਿਰੀ, ਸੱਪਾਂ ਵਾਂਗ
ਦਿਖਣ ਲੱਗਦੀਆਂ

ਫਿਰ–
ਇਨਾਮਾਂ, ਸਨਮਾਨਾਂ, ਰਾਜਸੀ ਲਾਭਾਂ, ਲਈ
ਮੂੰਹਾਂ 'ਚੋਂ ਰਾਲਾਂ ਸੁੱਟਦੇ
ਲੇਖਕ, ਗਾਇਕ, ਬੁੱਧੀਜੀਵੀ, ਪੱਤਰਕਾਰ, ਰਾਜਨੀਤੀਵਾਨ
ਨਾਗਪੁਰੀ ਸੰਤਰਿਆਂ ਦੇ
ਥਾਂ, ਥਾਂ, ਸੋਹਲੇ
ਗਾਉਣ ਲੱਗੇ

ਉਹ, ਨ ਸਿਰਫ
ਨਾਗਪੁਰੀ ਸੰਤਰਿਆਂ ਦੇ ਹੀ, ਗੁਣ ਗਾਂਦੇ
ਉਹ, ਨਾਗਪੁਰੀ ਸੰਤਰਿਆਂ ਦੇ
ਬਾਗ਼ਾਂ ਦੇ ਮਾਲਿਕਾਂ ਨੂੰ ਵੀ
ਸੌ, ਸੌ, ਵਾਰ, ਝੁਕ ਕੇ
ਨਮਸਕਾਰ ਕਰਦੇ

ਉਹ, ਇਹ ਕਹਿਣ ਵਿੱਚ ਵੀ
ਕਦੀ ਵੀ, ਝਿਜਕ ਮਹਿਸੂਸ ਨ ਕਰਦੇ–
ਅਸੀਂ, ਮਹਾਨ ਨੇਤਾ
ਹਿਟਲਰ ਨੂੰ, ਪਰਣਾਮ
ਕਰਦੇ ਹਾਂ

ਧਰਮ, ਰੰਗ, ਨਸਲ, ਕੌਮ, ਦੇ
ਨਾਮ ਉੱਤੇ, ਲੋਕਾਂ ਵਿੱਚ
ਨਫ਼ਰਤ ਫੈਲਾਉਣ ਜਿਹੇ
ਉਪਦੇਸ਼ਾਂ ਨੂੰ, ਨਿੱਤ
ਸੁਣ, ਸੁਣ, ਕੇ ਹੀ, ਅਸੀਂ
ਨਾਗਪੁਰੀ ਸੰਤਰਿਆਂ ਦੇ, ਜ਼ਹਿਰੀ
ਸੱਪਾਂ ਨਾਲ ਭਰਪੂਰ, ਬਾਗ਼
ਉਸਾਰਨੇ ਸਿਖ ਸਕੇ ਹਾਂ
■

(ਮਾਲਟਨ, ਜੂਨ 18, 2021)

# ਸਥਾਪਤੀ ਦੇ ਪੈਰ ਚੁੰਮਣ ਦੀ ਕਾਹਲ

ਬਹੁਤ ਕਾਹਲ ਵਿੱਚ ਹਨ
ਅਦੀਬ, ਬੁੱਧੀਜੀਵੀ, ਚਿੰਤਕ
ਸਥਾਪਤੀ ਦੇ, ਪੈਰ ਚੁੰਮਣ ਲਈ

ਸਵੇਰ ਹੁੰਦਿਆਂ ਹੀ
ਫੇਸਬੁੱਕ ਦੀਆਂ ਕੰਧਾਂ ਭਰਨ ਲੱਗਦੀਆਂ
ਜੂਮ ਬਾਜ਼ਾਰੀ ਇਸ਼ਤਿਹਾਰਾਂ ਨਾਲ
ਸਬਜ਼ੀ ਮੰਡੀ 'ਚ ਵਿਕਦੇ
ਬੈਂਗਣਾਂ, ਕੱਦੂਆਂ, ਭਿੰਡੀਆਂ, ਕਰੇਲਿਆਂ, ਵਾਂਗੂੰ
ਲੇਖਕਾਂ, ਕਵੀਆਂ, ਕਵਿਤਰੀਆਂ, ਦੀਆਂ
ਬਹੁ-ਰੰਗੀਆਂ, ਤਸਵੀਰਾਂ ਦੇ ਰੂਪ ਵਿੱਚ

ਸਥਾਪਤੀ ਦੇ, ਮਜ਼ਮੇਬਾਜ਼ਾਂ ਦਾ
ਹਰ ਦਿਨ, ਕੋਈ ਨਵਾਂ ਹੀ
ਬਹਾਨਾ ਹੁੰਦਾ ਹੈ, ਸਾਹਿਤਕ
ਮੰਡੀ ਸਜਾਵਨ ਦਾ

ਕਦੀ, ਉਹ, ਕਿਸੀ
ਧਰਮੀ, ਗੁਰੂ ਦੀ
ਜੈ ਜੈ ਕਾਰ ਕਰ ਰਹੇ ਹੁੰਦੇ

ਕਦੀ, ਉਹ, ਕਿਸੀ
ਨਕਲੀ, ਦੇਸ਼ ਭਗਤ ਦੀ
ਜੈ ਜੈ ਕਾਰ ਕਰ ਰਹੇ ਹੁੰਦੇ

ਕਦੀ, ਉਹ, ਕਿਸੀ
ਭਰਿਸ਼ਟ, ਅਦੀਬ ਦੀ
ਜੈ ਜੈ ਕਾਰ ਕਰ ਰਹੇ ਹੁੰਦੇ

ਕਦੀ, ਉਹ, ਕਿਸੀ
ਲੁਟੇਰੇ, ਰਾਜਨੀਤੀਵਾਨ ਦੀ
ਜੈ ਜੈ ਕਾਰ ਕਰ ਰਹੇ ਹੁੰਦੇ

ਬਹੁਤ ਕਾਹਲ ਵਿੱਚ ਹਨ
ਅਦੀਬ, ਬੁੱਧੀਜੀਵੀ, ਚਿੰਤਕ
ਸਥਾਪਤੀ ਦੇ, ਪੈਰ ਚੁੰਮਣ ਲਈ

ਹਵਾ ਦਾ ਰੁਖ ਦੇਖਦਿਆਂ ਹੀ
ਉਹ, ਮੁਖੌਟਾਧਾਰੀ, ਮਦਾਰੀਆਂ ਦੀ
ਡੁਗਡੁਗੀ ਦੀ, ਤਾਲ ਉੱਤੇ
ਡਿਸਕੋ ਡਾਂਸ ਕਰਨ ਵਿੱਚ
ਮਦਮਸਤ ਹੋ ਜਾਂਦੇ ਹਨ

ਬਸ, ਮਹਿਜ਼
ਇਸ ਉਡੀਕ ਨਾਲ
ਕੋਈ ਉਨ੍ਹਾਂ ਦੀਆਂ
ਪੂਛਾਂ ਦੇ ਹਿਲਣ ਦੀ ਤਾਲ 'ਚੋਂ
ਪੈਦਾ ਹੁੰਦੇ ਸੰਗੀਤ ਨਾਲ
ਮੰਤਰ-ਮੁਗਧ ਹੋਇਆ, ਉਨ੍ਹਾਂ ਦੇ
ਸੀਨੇ ਉੱਤੇ ਵੀ, ਝੂਠੀ ਸ਼ੁਹਰਤ ਦਾ
ਤਮਗ਼ਾ ਲਗਾ ਦੇਵੇਗਾ
ਉਨ੍ਹਾਂ ਦੇ ਚਿਹਰੇ ਉੱਤੇ ਵੀ
ਝੂਠੀ ਸ਼ੁਹਰਤ ਦਾ ਮੁਖੌਟਾ
ਸਜਾ ਦੇਵੇਗਾ

ਬਹੁਤ ਕਾਹਲ ਵਿੱਚ ਹਨ
ਅਦੀਬ, ਬੁੱਧੀਜੀਵੀ, ਚਿੰਤਕ
ਸਥਾਪਤੀ ਦੇ, ਪੈਰ ਚੁੰਮਣ ਲਈ-

-ਝੂਠੀ ਸ਼ੁਹਰਤ ਦਾ
ਕੋਈ, ਤਮਗ਼ਾ
ਕੋਈ, ਪੁਰਸਕਾਰ
ਕੋਈ, ਸਨਮਾਨ
ਮੁੰਨਣ ਲਈ
■

(ਮਾਲਟਨ, ਨਵੰਬਰ 9, 2021)

# ਦੇਹਵਾਦ, ਵਿਆਗਰਾ, ਪੁਰਸਕਾਰ

ਦੇਹਵਾਦੀ ਕਵਿਤਾ ਆਈ
ਤਾਂ, ਦੇਹਵਾਦੀ ਬੁੱਧੀਜੀਵੀਆਂ ਨੇ ਵੀ
ਅਵਤਾਰ ਧਾਰ ਲਿਆ-

ਸ਼ਹਿਰ ਵਿੱਚ, ਗੱਲ ਤੁਰ ਪਈ
ਬੁੱਧੀਜੀਵੀ ਸੰਤ ਬਾਬਿਆਂ ਕੋਲ
ਸਾਹਿਤਕ ਵਿਆਗਰਾ ਨਾਮ ਦੀ
ਕੋਈ ਚਮਤਕਾਰੀ ਗੋਲੀ ਹੈ

ਬੁੱਧੀਜੀਵੀ ਸੰਤ ਬਾਬੇ
ਪਿੰਡ, ਪਿੰਡ, ਸ਼ਹਿਰ, ਸ਼ਹਿਰ, ਦੇਸ਼, ਦੇਸ਼
ਸੁੰਦਰ ਦੇਵੀਆਂ, ਦੇਵਤਿਆਂ ਨੂੰ
ਪ੍ਰਵਚਨ ਦੇਣ ਲੱਗੇ:
ਸਾਡੀ, ਚਮਤਕਾਰੀ ਵਿਆਗਰਾ ਗੋਲੀ
ਤੁਹਾਡੀਆਂ, ਸੁੰਦਰ ਦੇਹਾਂ 'ਚੋਂ
ਦੇਹਵਾਦੀ ਕੀਰਤਨ ਲਈ, ਮਨੋ-ਭਾਵਨਾਤਮਿਕ
ਤਰੰਗਾਂ ਦੇ ਤੂਫ਼ਾਨ ਪੈਦਾ ਕਰ
ਦੇਹਵਾਦੀ ਪਿਆਰ ਕਵਿਤਾ ਦੇ
ਹੜ੍ਹ ਲੈ ਆਵੇਗੀ

ਇਨਾਮਾਂ-ਸਨਮਾਨਾਂ ਦੀਆਂ
ਸਲਾਹਕਾਰ, ਸਕਰੀਨਿੰਗ ਕਮੇਟੀਆਂ ਦੇ
ਉੱਚ-ਦੁਮਾਲੜੇ, ਚਮਤਕਾਰੀ
ਵਿਆਗਰਾ, ਸੰਤ, ਬੁੱਧੀਜੀਵੀਆਂ, ਬਾਬਿਆਂ ਨੇ
ਸ਼ਿਵਾਜ਼ ਰੀਗਲ ਵਿਸਕੀ ਦੇ ਪੈੱਗ ਪਾ
ਇੱਕ ਦੂਜੇ ਦੇ ਗਿਲਾਸ ਨਾਲ ਗਿਲਾਸ ਟਕਰਾਅ
ਚੀਅਰਜ਼ ਕਹਿੰਦਿਆਂ, ਆਪਣਾ
ਪ੍ਰਵਚਨ, ਫਿਰ, ਸ਼ੁਰੂ ਕੀਤਾ:
ਅਸੀਂ, ਤੁਹਾਨੂੰ, ਤੁਹਾਡਾ
ਮਨ-ਪਸੰਦ, ਸਾਹਿਤਕ ਪੁਰਸਕਾਰ
ਚਾਂਦੀ ਦੀ ਤਸ਼ਤਰੀ ਉੱਤੇ
ਰੱਖ ਕੇ ਹਾਜ਼ਿਰ ਕਰਾਂਗੇ

ਪ੍ਰਵਚਨ ਸੁਣ ਰਹੇ

ਸਭ, ਭਗਤਾਂ, ਭਗਤਨੀਆਂ ਨੇ
ਵਿਆਗਰਾ ਸੰਤ ਬੁੱਧੀਜੀਵੀ ਬਾਬਿਆਂ ਦੀ
ਅਪਾਰ ਕਿਰਪਾ ਲਈ, ਆਪਣੇ
ਤਨ, ਮਨ, ਦੇ ਸਭ ਬੰਦ ਪਏ
ਦਰਵਾਜ਼ੇ ਖੋਹਲਦਿਆਂ
ਸਭ, ਜਗਦੇ ਦੀਵੇ ਬੁਝਾ ਦਿੱਤੇ

ਰਾਤ ਦੇ ਦੂਜੇ ਪਹਿਰ
ਦੂਰ ਕਿਤੇ, ਕੋਈ
ਪੂਰੀ ਲੈ ਤਾਲ ਨਾਲ
ਭਜਨ ਗਾ ਰਿਹਾ ਸੀ-

ਵਿਆਗਰਾ ਸੰਤ ਬਾਬਿਆਂ ਦੀ
ਹੋ ਗਈ, ਤਨ, ਮਨ, ਉੱਤੇ, ਮਿਹਰ
ਹੁਣ, ਪੁਰਸਕਾਰਾਂ ਦੀ
ਮੋਹਲੇਧਾਰ, ਬਰਸਾਤ ਹੋਏਗੀ
■

(ਮਾਲਟਨ, ਜੁਲਾਈ 29, 2021)

# ਸਾਡੀ ਤਰਾਸਦੀ

ਲੋਕਾਂ ਦਾ ਕੀ ਹੈ-
ਉਹ, ਤਾਂ, ਘਰੋਂ ਤੁਰਨਗੇ
ਹਕੂਮਤ ਨਾਲ ਮੱਥਾ ਲਾਉਣ ਲਈ
ਪਰ, ਰਾਹ ਵਿੱਚ ਹੀ, ਕਿੱਤੇ
ਦੋ ਕੁ ਪੈੱਗ ਸੰਘ 'ਚ ਉਤਰਨ ਤੋਂ ਬਾਹਦ
ਸਭ ਕੁਝ ਭੁੱਲ ਭੁਲਾ, ਉਹ, ਬੇਸਿਰ-ਪੈਰ ਦੀ
ਕਿਸੀ, ਬਹਿਸ ਵਿੱਚ ਉਲਝ
ਆਪਸ ਵਿੱਚ, ਜੁੰਡੋ-ਜੁੰਡੀ ਹੋ
ਘਰਾਂ ਨੂੰ, ਵਾਪਿਸ ਪਰਤ ਜਾਣਗੇ

ਲੋਕਾਂ ਦਾ ਕੀ ਹੈ-
ਉਹ, ਤਾਂ, ਘਰੋਂ ਤੁਰੇ ਸੀ
ਫਰੰਗੀ ਨੂੰ ਮਾਤ ਦੇਣ ਲਈ, ਪਰ
ਆਪਣੀਆਂ ਹੀ, ਅੰਤਰੀਵ ਇਛਾਵਾਂ ਦੇ
ਗੁਲਾਮ ਹੋ, ਆਪਣੇ ਹੀ
ਸੰਗੀ-ਸਾਥੀਆਂ ਦੀਆਂ ਪਿੱਠਾਂ ਵਿੱਚ
ਛੁਰੇ ਖੋਭ, ਆਪਣੇ ਹੀ
ਘਰ ਦੀਆਂ ਕੁੰਜੀਆਂ, ਆਪਣੇ ਦੁਸ਼ਮਣ
ਫਰੰਗੀ ਨੂੰ ਫੜ੍ਹਾ ਆਏ

ਲੋਕਾਂ ਦਾ ਕੀ ਹੈ-
ਉਹ, ਤਾਂ, ਘਰੋਂ ਤੁਰੇ ਸੀ
ਮੋਦੀ ਹਕੂਮਤ ਤੋਂ, ਕਿਸਾਨ ਵਿਰੋਧੀ
ਆਰਡੀਨੈਂਸ ਰੱਦ ਕਰਵਾਉਣ ਲਈ
ਪਰ, ਉਹ, ਤਾਂ, ਅਕਾਲ ਪੁਰਖ ਦੀ
ਭਗਤੀ ਵਿੱਚ ਲੀਨ ਹੋ, ਸਭ ਕੁਝ
ਭੁੱਲ ਭੁਲਾ, ਲਾਲ ਕਿਲੇ 'ਤੇ
ਧਰਮੀ, ਝੰਡਾ ਝੁਲਾਉਣ ਨਾਲ ਹੀ
ਸੰਤੁਸ਼ਟ ਹੋ ਕੇ ਰਹਿ ਗਏ

ਲੋਕਾਂ ਦਾ ਕੀ ਹੈ-
ਅੱਜ, ਕੱਲ, ਕਿਸੀ ਗੱਲ ਦਾ ਵੀ
ਕੋਈ ਭਰੋਸਾ ਨਹੀਂ ਰਿਹਾ

ਉਹ, ਘਰੋਂ, ਤਾਂ, ਤੁਰਦੇ ਹਨ
ਆਪਣੇ, ਵਿਆਹ ਦੀ ਸਾਲ-ਗ੍ਰਹਿ ਦੀਆਂ
ਖੁਸ਼ੀਆਂ ਮਨਾਉਣ ਲਈ, ਪਰ
ਘਰ ਪਰਤਦੇ ਹਨ
ਤਲਾਕ ਲੈ ਕੇ
■

(ਮਾਲਟਨ, ਫਰਵਰੀ 28, 2021)

# ਅੰਦੋਲਨ, ਕਦੀ ਵੀ ਮੇਲਾ ਨਹੀਂ ਹੁੰਦਾ

ਅੰਦੋਲਨ, ਕਦੀ ਵੀ
ਮੇਲਾ ਨਹੀਂ ਹੁੰਦਾ-

ਏਅਰ-ਕੰਡੀਸ਼ਨ, ਕਮਰਿਆਂ ਵਿੱਚ
ਬੈਠ, ਕਦੀ, ਅੰਦੋਲਨ ਨਹੀਂ ਹੁੰਦੇ-
ਐਸ਼-ਪ੍ਰਸਤੀ ਹੀ ਹੋ ਸਕਦੀ ਹੈ

ਇਹ ਵੀ, ਸੱਚ ਹੈ-
ਮਲਿਕ ਭਾਗੋਆਂ ਦੇ
ਮਹਾਂ-ਭੋਜ ਖਾਹ ਖਾਹ ਕੇ
ਕਦੀ ਵੀ, ਕੋਈ
ਆਖ ਨਹੀਂ ਸਕਦਾ :
'ਰਾਜੇ ਸ਼ੀਂਹ, ਮੁਕੱਦਮ ਕੁੱਤੇ'

ਅੰਦੋਲਨ ਜਾਂ ਮੇਲਾ-
ਸਬੱਬ ਵੀ ਵੱਖਰਾ
ਉਦੇਸ਼ ਵੀ ਵੱਖਰਾ

ਅੰਦੋਲਨ-
ਵਿਚਾਰਾਂ ਦੀਆਂ ਤਲਵਾਰਾਂ ਦਾ
ਇੱਕ ਦੂਜੇ ਨਾਲ ਖਹਿਬੜਨਾ
ਚੰਗਿਆੜੇ ਛੱਡਣਾ

ਮੇਲਾ-
ਲੱਡੂਆਂ, ਜਲੇਬੀਆਂ, ਖੀਰਾਂ, ਪੂੜਿਆਂ, ਦੇ
ਲੰਗਰ ਖਾਹ ਖਾਹ ਡਕਾਰ ਮਾਰਨੇ
ਵਿਹਲੜਾਂ ਦਾ, ਮੌਜ-ਮੇਲਾ

ਅੰਦੋਲਨ-
ਘਰੋਂ ਨਿਕਲਣ ਵੇਲੇ
ਆਖਰੀ ਦੁਆ-ਸਲਾਮ ਕਰ ਨਿਕਲਣਾ
ਕੀ ਪਤਾ, ਰਾਹ ਹੀ ਖਾਹ ਜਾਣ
ਘਰ, ਪਰਚਮ 'ਚ ਲਿਪਟੀ
ਲਾਸ਼ ਹੀ ਵਾਪਿਸ ਮੁੜੇ

ਮੇਲਾ-
ਘਰੋਂ ਨਿਕਲਣ ਵੇਲੇ
ਇਹ ਵਾਹਦਾ ਕਰਕੇ ਤੁਰਨਾ
ਮਦਮਸਤ ਹੋ ਕੇ ਘਰ ਮੁੜਾਂਗੇ
ਗੁਲਾਬਾਂ ਦੇ ਗੁਲਦਸਤੇ ਹੱਥਾਂ 'ਚ ਫੜੀ
ਚਿਹਰਿਆਂ 'ਤੇ ਮੁਸਕਰਾਹਟਾਂ ਖਿਲਾਰੀ

ਅੰਦੋਲਨ-
-ਬਗ਼ਾਵਤੀ ਸੁਰਾਂ
-ਪਾਟੇ ਲੀੜੇ
-ਜ਼ਖਮੀ ਬਦਨ
-ਲਹੂ-ਲੁਹਾਨ ਪੈਰ
-ਤਲਖੀਆਂ
-ਨਿਰਾਸ਼ਾਵਾਂ

ਮੇਲਾ-
-ਮਿਲਣ ਦਾ ਚਾਅ
-ਗੁਲਾਬਾਂ ਦੀ ਮਹਿਕ
-ਸੁੰਦਰ ਪੁਸ਼ਾਕਾਂ
-ਮਹਿੰਦੀ ਰੰਗੇ ਪੈਰ
-ਹਾਸੇ
-ਆਸ਼ਾਵਾਂ

ਅੰਦੋਲਨ, ਕਦੀ ਵੀ
ਮੇਲਾ ਨਹੀਂ ਹੁੰਦਾ !
ਅੰਦੋਲਨ, ਕਦੀ ਵੀ
ਮੇਲਾ ਨਹੀਂ ਹੁੰਦਾ !!
ਅੰਦੋਲਨ, ਕਦੀ ਵੀ
ਮੇਲਾ ਨਹੀਂ ਹੁੰਦਾ !!!
■

(ਮਾਲਟਨ, ਫਰਵਰੀ 24, 2021)

# ਖਲਨਾਇਕ

ਉਹ, ਕਿਸੀ ਵੀ, ਪੂਰੀ ਤਰ੍ਹਾਂ
ਭਖੇ ਹੋਏ, ਅੰਦੋਲਨ ਵਿੱਚ
ਮਰੇ ਹੋਏ, ਚੂਹੇ ਵਾਂਗ
ਅਚਾਨਕ, ਆਣ
ਡਿੱਗਦਾ ਹੈ-

ਉਸਦੀ, ਮਾਨਸਿਕ ਸੋਚ ਨੂੰ
ਚਿੰਬੜੇ ਹੋਏ ਪਿੱਸੂ, ਹੌਲੀ, ਹੌਲੀ
ਚੌਗਿਰਦੇ ਵਿੱਚ, ਪਸਰਨ
ਲੱਗਦੇ ਹਨ

ਦੇਖਦਿਆਂ ਹੀ ਦੇਖਦਿਆਂ
ਹਰ ਪਾਸੇ, ਪਲੇਗ਼ ਮਹਾਮਾਰੀ ਵਾਂਗ
ਅਸੰਤੁਸ਼ਟੀ ਦੀ ਭਾਵਨਾ ਦਾ ਬ੍ਰਿਤਾਂਤ
ਸਿਰਜਿਆ ਜਾਣ ਲੱਗਦਾ ਹੈ

ਬਾਂਦਰ ਸੈਨਾ ਦੀ ਦੇਵੀ
ਜੁਮਲਾਵਤੀ, ਫਿਰ
ਆਪਣਾ, ਕ੍ਰਿਸ਼ਮਾ
ਦਿਖਾਂਦੀ ਹੈ

ਮਰੇ ਹੋਏ, ਚੂਹਿਆਂ ਵਿੱਚ
ਉਹ, ਜਾਨ ਪਾਂਦੀ ਹੈ-

ਅਚਾਨਕ, ਮਰੇ ਹੋਏ ਚੂਹੇ
ਅੰਦੋਲਨ ਦੇ ਮੰਚ ਉੱਤੇ
ਗੜ੍ਹਿਆਂ ਦੇ ਡਿੱਗਣ ਵਾਂਗ
ਗੱਜਣ ਲੱਗਦੇ ਹਨ

ਖਲਨਾਇਕ, ਤਾੜੀ ਮਾਰ ਕੇ
ਹੱਸਦਾ ਹੈ-

ਮੰਚ ਉੱਤੇ ਆ ਕੇ, ਉਹ
ਚਾਣਕਿਆ ਨੀਤੀ ਦਾ

ਪਾਠ ਕਰਨ ਲੱਗਦਾ ਹੈ

ਹੁਣ, ਸ਼ਹਿਰ ਵਿੱਚ, ਹਰ ਕੋਈ
ਅੰਦੋਲਨ ਨਾਲ ਜੁੜੇ, ਮਸਲਿਆਂ ਦੀ ਥਾਂ
ਮਰੇ ਹੋਏ, ਚੂਹਿਆਂ ਬਾਰੇ ਹੀ
ਗੱਲਾਂ ਕਰਨ ਲੱਗਦਾ ਹੈ

ਮਰੇ ਹੋਏ, ਚੂਹਿਆਂ ਬਾਰੇ ਹੀ
ਬਿਰਤਾਂਤ ਸਿਰਜਣ ਲੱਗਦਾ ਹੈ
■

(ਮਾਲਟਨ, ਮਾਰਚ 18, 2021)

# ਖਾਕੀ ਨਿੱਕਰਾਂ

ਇੱਕੋ ਹੀ ਝਟਕੇ ਨਾਲ
ਧੜੰਮ ਕਰਕੇ, ਫਰਸ਼ ਉੱਤੇ, ਆ ਡਿੱਗੀਆਂ
ਕਿੰਨੀਆਂ ਹੀ, ਖਾਕੀ ਨਿੱਕਰਾਂ-

ਜਿਨ੍ਹਾਂ ਨੂੰ, ਟੀਵੀ ਐਂਕਰਾਂ ਨੇ
ਗੁਬਾਰਿਆਂ ਵਾਂਗ, ਹਵਾ ਭਰਕੇ, ਅਸਮਾਨੀਂ ਚੜ੍ਹਾ
ਭੋਲੀ-ਭਾਲੀ, ਜਨਤਾ ਦੇ ਭਗਵਾਨ
ਬਣਾਇਆ ਹੋਇਆ ਸੀ

ਪਤਾ ਨਹੀਂ, ਇਹੋ ਜਿਹੀਆਂ
ਗੁੰਗੀਆਂ, ਬੋਲੀਆਂ, ਅੰਨ੍ਹੀਆਂ, ਕਿੰਨੀਆਂ ਕੁ
ਖਾਕੀ ਨਿੱਕਰਾਂ, ਸੰਸਦ ਭਵਨਾਂ ਤੋਂ ਲੈ ਕੇ
ਰਾਜ ਸਿੰਘਾਸਨਾਂ ਤੱਕ, ਤਵਾਇਫ਼ਾਂ ਵਾਂਗ
ਮੂੰਹਾਂ 'ਚੋਂ ਲਾਲਾਂ ਸੁੱਟਦੀਆਂ, ਹੱਥਾਂ 'ਚ ਠੂਠੇ ਫੜ੍ਹੀ
ਹਿਜ਼ ਮਾਸਟਰਜ਼ ਵਾਇਸ ਬਣਕੇ
ਸੱਤਾ ਦੇ ਗਲਿਆਰਿਆਂ ਵਿੱਚ
ਰੀਂਘਦੀਆਂ ਫਿਰਦੀਆਂ ਹਨ

ਬੌਲੀਵੁੱਡ, ਖੇਡ ਜਗਤ, ਸਾਹਿਤ ਅਕੈਡਮੀਆਂ, ਸੁਪਰੀਮ ਕੋਰਟਾਂ
ਮੰਦਿਰਾਂ, ਗੁਰਦੁਆਰਿਆਂ, ਮਸੀਤਾਂ, ਗਿਰਜਿਆਂ, 'ਚ
ਹਰ ਥਾਂ ਹੀ ਬੈਠੀਆਂ, ਵਿਕਾਊ ਮਾਨਸਿਕਤਾ ਵਾਲੀਆਂ
ਭੇਡਾਂ ਦੇ ਦਿਮਾਗ਼ਾਂ ਵਿੱਚ, ਸੱਤਾ ਨੇ
ਲਹਿਰਾ ਦਿੱਤੀਆਂ ਹਨ ਖਾਕੀ ਨਿੱਕਰਾਂ
ਦੰਗਾ-ਮਾਤਰਮ ਦੇ, ਪਰਚਮ
ਬਣਾ ਬਣਾ ਕੇ

ਭੁੱਖਾਂ ਦੇ ਸਤਾਏ ਲੋਕ, ਜਦ ਵੀ
ਆਪਣੇ, ਹੱਕਾਂ ਖਾਤਿਰ, ਸੜਕਾਂ ਉੱਤੇ
ਨਿਕਲਣ, ਤਾਂ, ਸ਼ਾਹੀ ਮਹਿਲਾਂ ਦੇ ਹਤਿਆਰੇ
ਉਨ੍ਹਾਂ ਦੇ ਮਨਾਂ ਵਿੱਚ, ਦਹਿਸ਼ਤ ਫੈਲਾਉਣ ਲਈ
ਝੂਠੇ ਰਾਸ਼ਟਰਵਾਦ ਦੀ ਸਲਾਮਤੀ ਦੀਆਂ
ਬਾਂਗਾਂ ਦਿੰਦੇ ਹਨ

ਆਪਣੇ, ਆਕਾਵਾਂ ਦੀ ਜੀ ਹਜ਼ੂਰੀ ਕਰਨ ਦਾ

ਸੁਨਹਿਰੀ ਮੌਕਾ ਦੇਖ, ਖਾਕੀ ਨਿੱਕਰਾਂ
ਤਹਿਖਾਨਿਆਂ 'ਚੋਂ ਬਾਹਰ ਨਿਕਲ
ਨਾਹਰੇ ਬੁਲੰਦ ਕਰਦੀਆਂ ਹਨ:
'ਝੂਠਾ ਰਾਸ਼ਟਰਵਾਦ, ਜ਼ਿੰਦਾਬਾਦ !'
'ਸਿੰਘਾਸਨ ਉੱਤੇ ਬੈਠਾ ਝੂਠ ਦਾ ਬਾਦਸ਼ਾਹ, ਜ਼ਿੰਦਾਬਾਦ !!'
'ਕਾਰਪੋਰੇਟ ਲੁਟੇਰੇ, ਜ਼ਿੰਦਾਬਾਦ !!!'
'ਆਮ ਲੋਕਾਂ ਦੀ ਲੁੱਟ, ਜ਼ਿੰਦਾਬਾਦ !!!!'

ਖਾਕੀ ਨਿੱਕਰਾਂ–
ਜਿਨ੍ਹਾਂ ਉੱਤੇ 'ਹਿਟਲਰ ਬ੍ਰਾਂਡ' ਦੀ, ਗੂੜ੍ਹੀ
ਮੋਹਰ ਲੱਗੀ ਹੁੰਦੀ ਹੈ
■
(ਮਾਲਟਨ, ਫਰਵਰੀ 7, 2021)

# ਟੁੱਕੜਬੋਚ

ਟੁੱਕੜਬੋਚਾਂ ਦਾ ਕੀ ਹੈ-
ਉਹ, ਤਾਂ, ਗਿਰਗਿਟ ਵਾਂਗੂੰ
ਜਦ ਵੀ, ਚਾਹੁਣ
ਆਪਣਾ, ਰੂਪ
ਵਟਾ ਸਕਦੇ ਹਨ

ਉਹ, ਤਾਂ, ਜਦ ਵੀ
ਚਾਹੁਣ-
-ਬੁੱਕਲ ਦੇ ਸੱਪ
-ਖੂੰਖਾਰ ਭੇੜੀਏ
-ਪਾਂ ਪਏ ਕੁੱਤੇ
-ਮਸਤੇ ਬਾਂਦਰ
-ਭੂਸਰੇ ਸਾਨ੍ਹ
ਬਣ, ਜ਼ਿੰਦਗੀ ਦੇ
ਰੰਗ-ਮੰਚ ਉੱਤੇ, ਆਪਣਾ
ਕੋਈ, ਨਵਾਂ, ਖੇਲ
ਰਚਾ ਸਕਦੇ ਹਨ

ਟੁੱਕੜਬੋਚਾਂ ਦਾ ਕੀ ਹੈ
ਉਹ, ਤਾਂ, ਜਦ ਵੀ
ਚਾਹੁਣ-
-ਇੱਕ ਦਿਨ ਗਾਂਧੀ
-ਇੱਕ ਦਿਨ ਗੋਡਸੇ
-ਇੱਕ ਦਿਨ ਭਗਤ ਸਿੰਘ
ਬਣ, ਜਨਤਾ ਨੂੰ
ਭਰਮਾਅ ਸਕਦੇ ਹਨ

ਟੁੱਕੜਬੋਚਾਂ ਦਾ ਕੀ ਹੈ
ਉਹ, ਤਾਂ, ਜਦ ਵੀ
ਚਾਹੁਣ-
-ਇੱਕ ਦਿਨ ਕਾਮਰੇਡ
-ਇੱਕ ਦਿਨ ਖਾਲਿਸਤਾਨੀ
-ਇੱਕ ਦਿਨ ਆਰਐਸਐਸ
-ਇੱਕ ਦਿਨ ਕਾਂਗਰਸੀ

ਬਣ, ਭੋਲੇ-ਭਾਲੇ
ਕਿਰਸਾਨਾਂ ਨੂੰ, ਆਪਣੇ
ਪਿੱਛੇ ਲਾ ਕੇ, ਲਾਲ ਕਿਲ੍ਹੇ 'ਤੇ
ਪਰਚਮ ਲਹਿਰਾ ਸਕਦੇ ਹਨ

ਟੁੱਕੜਬੋਚਾਂ ਦਾ ਕੀ ਹੈ
ਉਹ, ਤਾਂ, ਜਦ ਵੀ
ਚਾਹੁਣ-
ਹਕੂਮਤੀ, ਸਿੰਘਾਸਨ ਦੇ
ਪਾਵੇ ਬਣ ਕੇ, ਭਰੀ
ਮਹਿਫ਼ਲ ਨੂੰ, ਅੱਗ ਦੇ
ਭਾਂਬੜ ਲਾ ਕੇ
ਬੁਲਟ ਬਾਈਕ ਦੀ
ਕਰ ਅਸਵਾਰੀ
ਕੰਧ 'ਤੇ ਜਾ ਬੈਠੇ, ਡੱਬੂ ਵਾਂਗੂੰ
ਲੋਕਾਂ ਦੀਆਂ ਅੱਖਾਂ ਵਿੱਚ
ਘੱਟਾ ਪਾ ਸਕਦੇ ਹਨ

ਟੁੱਕੜਬੋਚਾਂ ਦਾ ਕੀ ਹੈ
ਉਹ, ਤਾਂ, ਜਦ ਵੀ
ਚਾਹੁਣ-
ਸ਼ਹਿਰ ਦੇ ਰਾਜੇ ਦੇ
ਇੱਕ ਇਸ਼ਾਰੇ ਉੱਤੇ
ਨਗਰਵਾਸੀਆਂ ਦੇ ਸਿਰਾਂ 'ਚ
ਉਨ੍ਹਾਂ ਦੇ ਹੀ, ਘਰਾਂ ਦੇ
ਚੁੱਲ੍ਹਿਆਂ ਦੀ ਸਵਾਹ
ਪਾ ਸਕਦੇ ਹਨ
■

(ਮਾਲਟਨ, ਮਾਰਚ 24, 2021)

# ਨੀਰੋ ਦੀ ਸੰਤਾਨ

ਜਦੋਂ, ਸਾਰਾ ਹੀ ਦੇਸ
ਕਰੋਨਾ ਮਹਾਮਾਰੀ ਦੀ ਅੱਗ 'ਚ
ਝੁਲਸ ਰਿਹਾ ਸੀ-

ਤਾਂ, ਨੀਰੋ ਦੀ ਸੰਤਾਨ
ਕੁਝ ਕਵੀ, ਕੁਝ ਕਵਿੱਤਰੀਆਂ
ਮਨ ਦੀਆਂ ਅੱਖਾਂ ਤੋਂ ਅੰਨ੍ਹੇ
ਨੀਰੋ ਵਾਂਗ, ਫੇਸਬੁੱਕ ਉੱਤੇ
ਆਪਣੀਆਂ, ਲਿਖਤਾਂ ਦੀਆਂ
ਬੰਸਰੀਆਂ ਵਜਾ, ਆਪਣੇ, ਆਪਣੇ
ਇਸ਼ਕ ਦੀਆਂ, ਪਹੇਲੀਆਂ ਪਾਉਣ
ਜਨਤਾ ਨੂੰ, ਵਿਹਲੇ ਕੰਮਾਂ 'ਚ
ਉਲਝਾਉਣ ਲੱਗੇ ਹੋਏ ਸਨ

ਉਨ੍ਹਾਂ, ਬੇਸੁਰਿਆਂ ਨੂੰ
ਨਹੀਂ ਦਿਖਦੀਆਂ ਸਨ
ਪਿੰਡਾਂ, ਸ਼ਹਿਰਾਂ, ਸੜਕਾਂ, ਬਾਜ਼ਾਰਾਂ, ਚੌਰਸਤਿਆਂ, ਵਿੱਚ
ਬਣੀਆਂ ਹੋਈਆਂ, ਬਾਜ਼ਾਰਾਂ, ਸ਼ਮਸ਼ਾਨ ਭੂਮੀਆਂ 'ਚ
ਦਿਨ ਰਾਤ, ਬਲ ਰਹੀਆਂ ਚਿਖਾਵਾਂ 'ਚੋਂ
ਉੱਠ ਰਹੀਆਂ ਅੱਗ ਦੀਆਂ ਲਾਟਾਂ

ਉਨ੍ਹਾਂ ਨੂੰ, ਨ ਹੀ ਦਿਖ ਰਹੇ ਸਨ
ਗੰਗਾ, ਜਮਨਾ, ਦੇ ਪਾਣੀਆਂ ਵਿੱਚ
ਤੈਰ ਰਹੀਆਂ, ਮਨੁੱਖੀ ਲਾਸ਼ਾਂ ਨੂੰ ਚੂੰਡ ਰਹੇ
ਅਵਾਰਾ ਕੁੱਤਿਆਂ ਦੇ ਝੁੰਡ

ਜਦੋਂ, ਸਾਰਾ ਹੀ ਦੇਸ
ਕਰੋਨਾ ਮਹਾਮਾਰੀ ਦੀ ਅੱਗ 'ਚ
ਝੁਲਸ ਰਿਹਾ ਸੀ-

ਤਾਂ, ਨੀਰੋ ਦੀ ਸੰਤਾਨ
ਕੁਝ ਪੱਤਰਕਾਰ, ਕੁਝ ਸੰਪਾਦਕ
ਮਨ ਦੀਆਂ ਅੱਖਾਂ ਤੋਂ ਅੰਨ੍ਹੇ
ਨੀਰੋ ਵਾਂਗ, ਰੇਡੀਓ, ਟੀਵੀ, ਪੱਤਰਕਾਵਾਂ ਦੇ ਪੰਨਿਆਂ ਰਾਹੀਂ

ਆਪਣੀਆਂ, ਲੱਛੇਦਾਰ, ਤਕਰੀਰਾਂ ਦੀਆਂ
ਬੰਸਰੀਆਂ ਵਜਾ, ਆਪਣੇ ਝੂਠ ਨਾਲ ਭਰੇ ਹੋਏ
ਖਬਰਾਂ-ਨੁਮਾ, ਭੜਕਾਹਟ ਪੈਦਾ ਕਰਨ ਵਾਲੇ
ਨਫ਼ਰਤ ਭਰੇ, ਭਾਸ਼ਨਾਂ ਦੀਆਂ ਉਲਟੀਆਂ ਕਰਕੇ
ਜਨਤਾ ਨੂੰ, ਹਕੀਕਤਾਂ ਤੋਂ ਮੀਲਾਂ ਦੂਰ
ਕਰਨ ਵਿੱਚ ਲੱਗੇ ਹੋਏ ਸਨ

ਉਨ੍ਹਾਂ ਨੂੰ, ਨਹੀਂ ਦਿਖ ਰਹੀ ਸੀ
ਆਪਣੇ, ਮੁੱਕਦੇ ਜਾਂਦੇ, ਸਾਹਾਂ ਨੂੰ
ਠੁੰਮ੍ਹਣਾ ਦੇਣ ਲਈ, ਆਕਸੀਜ਼ਨ ਸਿਲੰਡਰਾਂ ਲਈ
ਹਸਪਤਾਲਾਂ ਦੇ ਬਾਹਰ ਲੱਗੀਆਂ, ਹਜ਼ਾਰਾਂ ਦੁਖੀ ਲੋਕਾਂ ਦੀ
ਕੁਰਬਲ, ਕੁਰਬਲ, ਕਰਦੀ ਹੋਈ
ਲੰਬੀਆਂ ਕਤਾਰਾਂ ਵਿੱਚ ਜੁੜੀ ਭੀੜ

ਜਦੋਂ, ਸਾਰਾ ਹੀ ਦੇਸ
ਕਰੋਨਾ ਮਹਾਮਾਰੀ ਦੀ ਅੱਗ 'ਚ
ਝੁਲਸ ਰਿਹਾ ਸੀ-

ਤਾਂ, ਅੰਧਭਗਤ, ਆਪਣੀਆਂ, ਪੂਛਾਂ ਨਾਲ
ਨੀਰੋ ਦੀ ਬੰਸਰੀ ਬੰਨ੍ਹ
ਨੀਰੋ ਦੀ ਅਰਾਧਨਾ ਕਰਨ ਵਿੱਚ
ਮਦਮਸਤ ਹੋ-

ਨੀਰੋ ਹੀ ਸਭ ਕੁਝ ਹੈ
ਨੀਰੋ ਦੀ ਜੈ ਹੋਵੇ

ਗੀਤ ਗਾਉਣ ਵਿੱਚ
ਲੀਨ ਸਨ

ਆਪਣੇ ਹੀ, ਤਾਬੂਤਾਂ 'ਚ
ਕਿੱਲ ਠੋਕਣ ਦੀਆਂ, ਤਰਕੀਬਾਂ
ਢੂੰਡਦੇ ਹੋਏ
■

(ਮਾਲਟਨ, ਮਈ 14, 2021)

# ਸਾਹਿਤਕ ਭਰਿਸ਼ਟਾਚਾਰ

ਸ਼ਹਿਰ ਵਿੱਚ, ਜਿਉਂ ਹੀ
ਸਾਹਿਤਕ ਭਰਿਸ਼ਟਾਚਾਰ ਮੁਰਦਾਬਾਦ ਦੇ
ਨਾਹਰੇ ਗੂੰਜਣ ਲੱਗੇ, ਤਾਂ
ਸ਼ਹਿਰ ਦੇ ਅਨੇਕਾਂ, ਖੱਬੀ-ਖ਼ਾਨ
ਸਾਹਿਤਕ ਗੈਂਗਸਟਰਾਂ ਦੀਆਂ ਨਿੱਕਰਾਂ
ਧੜੰਮ ਕਰਕੇ, ਫ਼ਰਸ਼ ਉੱਤੇ ਆਣ ਡਿੱਗੀਆਂ

ਕਈ, ਆਪਣੇ ਨੰਗੇਜ਼ ਨੂੰ
ਢਕਣ ਲਈ, ਸਾਹਿਤ ਅਕੈਡਮੀਆਂ ਦੇ
ਅੱਧ ਖੁੱਲ੍ਹੇ, ਦਰਵਾਜ਼ਿਆਂ ਵੱਲ ਦੌੜੇ

ਕਈ, ਭਾਸ਼ਾ ਵਿਭਾਗ ਦੀ ਬਿਲਡਿੰਗ ਦੇ
ਬਰਾਂਡਿਆਂ ਵਿੱਚ ਲੱਗੇ, ਵੱਡੇ ਵੱਡੇ ਥੰਮਾਂ ਪਿਛੇ ਲੁਕ
ਆਪਣੀਆਂ ਸੂਰਤਾਂ ਛਿਪਾਉਣ ਲੱਗੇ

ਪਰ, ਸਾਹਿਤਕ ਭ੍ਰਿਸ਼ਟਾਚਾਰ ਮੁਰਦਾਬਾਦ ਦਾ
ਨਾਹਰਾ, ਕਰੋਨਾ ਮਹਾਮਾਰੀ ਵਾਂਗ
ਯੂਨੀਵਰਸਿਟੀਆਂ ਦੇ ਸਾਹਿਤ ਵਿਭਾਗਾਂ ਦੇ
ਅੱਧ ਖੁੱਲ੍ਹੇ, ਦਰਵਾਜ਼ਿਆਂ ਦੀਆਂ ਝੀਥਾਂ ਥਾਣੀ
ਆਪਣੀ, ਹੋਂਦ ਜਿਤਾਉਣ ਲੱਗਾ

ਡਰ ਅਤੇ ਭੈਅ ਨਾਲ ਕੰਬਦੇ
ਅਨੇਕਾਂ, ਗੈਂਗਸਟਰ ਕਿਸਮ ਦੇ, ਪ੍ਰੋਫੈਸਰ-ਨੁਮਾ ਲੋਕ
ਆਪਣੀਆਂ, ਡਿੱਗਦੀਆਂ ਜਾਂਦੀਆਂ, ਪੈਂਟਾਂ ਨੂੰ
ਆਪਣੇ, ਕੰਬਦੇ ਹੋਏ, ਹੱਥਾਂ ਨਾਲ ਘੁੱਟ ਕੇ ਫੜਦੇ ਹੋਏ
ਆਪਣੀਆਂ, ਅੱਖਾਂ ‘ਚੋਂ ਹੰਝੂ ਡੇਗਣ ਲੱਗੇ

ਉਹ, ਬਾਰ ਬਾਰ
ਇੱਕ ਹੀ ਸ਼ਬਦ, ਪਤਾ ਨਹੀਂ
ਕਿਸ ਨੂੰ ਸੁਣਾ ਕੇ, ਆਖ ਰਹੇ ਸਨ-
ਅਸੀਂ, ਜੇਕਰ, ਕਿਸੀ ਐਮ.ਫਿਲ., ਪੀਐਚ.ਡੀ.
ਵਿਦਿਆਰਥਣ ਨੂੰ, ਆਪਣੀ ਕਾਮੁਕ ਭੁੱਖ ਲਈ
ਵਰਤਿਆ ਹੋਵੇ, ਤਾਂ ਉਹ
ਸਾਨੂੰ, ਮੁਆਫ਼ ਕਰ ਦੇਵੇ ■ (ਮਾਲਟਨ, ਮਈ 25, 2021)

# ਰਾਜਨੀਤਕ ਗਿਰਗਟਾਂ

ਚੋਣਾਂ ਦਾ ਮੌਸਮ
ਆਉਂਦਿਆਂ ਹੀ, ਹਰ ਪਾਸੇ
ਰਾਜਨੀਤਕ ਗਿਰਗਟਾਂ ਦਿਖਾਈ ਦੇਣੀਆਂ
ਸ਼ੁਰੂ ਹੋ ਜਾਂਦੀਆਂ ਹਨ

ਇਨਕਲਾਬੀ ਗਿਰਗਟਾਂ
ਹੱਥਾਂ ਵਿੱਚ, ਮੰਜਿਆਂ ਦੇ
ਪਾਵੇ ਫੜ੍ਹੀ, ਪੂਰੇ ਜ਼ੋਰ ਨਾਲ
'ਇਨਕਲਾਬ ਜ਼ਿੰਦਾਬਾਦ' ਦਾ ਨਾਹਰਾ
ਲਗਾਉਂਦੀਆਂ ਹਨ

ਪਰ, ਨਾਹਰਾ ਬੁਲੰਦ ਕਰਦਿਆਂ
ਉਨ੍ਹਾਂ ਦਾ, ਜ਼ੋਰ, ਕੁਝ, ਜ਼ਿਆਦਾ ਹੀ
ਲੱਗ ਜਾਣ ਕਾਰਨ, ਉਨ੍ਹਾਂ ਦੀਆਂ
ਭਗਵੇਂ ਰੰਗੀਆਂ ਨਿੱਕਰਾਂ
ਧੜੰਮ ਕਰਕੇ, ਫਰਸ਼ ਉੱਤੇ
ਡਿੱਗ ਜਾਂਦੀਆਂ ਹਨ

ਉਨ੍ਹਾਂ, ਨਿੱਕਰਾਂ ਉੱਤੇ ਲਿਖਿਆ
'ਆਰਐਸਐਸ ਜ਼ਿੰਦਾਬਾਦ' ਦਾ ਨਾਹਰਾ
ਮਾਹੌਲ ਵਿੱਚ, ਇਸ ਤਰਾਂ, ਮਿਆਂਕਣਾ
ਸ਼ੁਰੂ ਕਰ ਦਿੰਦਾ ਹੈ-

ਜਿਵੇਂ, ਕਿਤੇ, ਅਚਾਨਕ
ਕੋਈ ਭੇਡ, ਪਹਾੜ ਦੀ ਚੋਟੀ ਤੋਂ
ਤਿਲਕ ਕੇ, ਕਿਸੀ
ਡੂੰਘੀ ਖਾਹੀ ਵਿੱਚ
ਡਿੱਗ ਜਾਣ ਵੇਲੇ
ਮਿਆਂਕਦੀ ਹੈ

ਚੋਣਾਂ ਦਾ ਮੌਸਮ
ਆਉਂਦਿਆਂ ਹੀ, ਹਰ ਪਾਸੇ
ਰਾਜਨੀਤਕ ਗਿਰਗਟਾਂ ਦਿਖਾਈ ਦੇਣੀਆਂ
ਸ਼ੁਰੂ ਹੋ ਜਾਂਦੀਆਂ ਹਨ

ਚਿੱਟੇ ਦੇ ਵਿਉਪਾਰੀਆਂ ਨੂੰ
ਨੱਥ ਪਾਉਣ ਦੇ ਦਮਗਜੇ
ਮਾਰਨ ਵਾਲੀਆਂ ਗਿਰਗਟਾਂ
ਹਵਾ ਦਾ ਰੁਖ ਬਦਲਦਿਆਂ ਹੀ
ਚਿੱਟੇ ਦੇ ਵਿਉਪਾਰੀਆਂ ਲਈ
ਹਮਦਰਦੀ ਦੇ ਗੀਤ
ਗੁਣਗੁਨਾਉਣ ਲੱਗ
ਜਾਂਦੀਆਂ ਹਨ
ਚੋਣਾਂ ਦਾ ਮੌਸਮ
ਆਉਂਦਿਆਂ ਹੀ, ਹਰ ਪਾਸੇ
ਰਾਜਨੀਤਕ ਗਿਰਗਟਾਂ ਦਿਖਾਈ ਦੇਣੀਆਂ
ਸ਼ੁਰੂ ਹੋ ਜਾਂਦੀਆਂ ਹਨ

ਨਕਸਲਬਾੜੀ ਕਮਿਊਨਿਸਟਾਂ ਦੀਆਂ ਧੀਆਂ
ਅਚਾਨਕ, ਖਾਲਿਸਤਾਨੀ ਲੀਡਰਾਂ ਦੇ
ਦੁੱਮ-ਛੱਲੇ ਬਣ ਜਾਂਦੀਆਂ ਹਨ

ਧਾਰਮਿਕ ਗ੍ਰੰਥਾਂ ਦੀ ਬੇਅਦਬੀ
ਰੋਕਣ ਦੇ, ਨਿੱਤ, ਨਾਹਰੇ ਬੁਲੰਦ ਕਰਦੀਆਂ ਗਿਰਗਟਾਂ
ਸਭ ਕੁਝ, ਭੁੱਲ ਭੁਲਾ, ਰੇਤ ਮਾਫ਼ੀਆ
ਡਰੱਗ ਮਾਫ਼ੀਆ, ਦੇ ਇਸ਼ਾਰਿਆਂ 'ਤੇ
ਮੋਟਰ ਸਾਈਕਲ ਸਵਾਰਾਂ ਦੇ ਗੈਂਗ ਬਣਾ
ਸ਼ਹਿਰ, ਸ਼ਹਿਰ, ਪਿੰਡ, ਪਿੰਡ
ਦਹਿਸ਼ਤੀ, ਨਾਹਰੇ ਬੁਲੰਦ
ਕਰਨ ਲੱਗ ਜਾਂਦੀਆਂ ਹਨ:
ਜੇਲ੍ਹਾਂ 'ਚ ਕੈਦ, ਉਨ੍ਹਾਂ ਦੇ
ਭਾਈਬੰਦਾਂ, ਕਾਤਲਾਂ, ਨੂੰ ਜੇਲ੍ਹਾਂ 'ਚੋਂ
ਫੌਰਨ ਰਿਹਾ ਕੀਤਾ ਜਾਵੇ

ਚੋਣਾਂ ਦਾ ਮੌਸਮ
ਆਉਂਦਿਆਂ ਹੀ, ਹਰ ਪਾਸੇ
ਰਾਜਨੀਤਕ ਗਿਰਗਟਾਂ, ਅਨੇਕਾਂ ਤਰ੍ਹਾਂ ਦੇ
ਰੰਗ ਵਟਾਉਂਦੀਆਂ ਹਨ

ਨੀਲੇ, ਪੀਲੇ, ਲਾਲ, ਚਿੱਟੇ, ਭਗਵੇਂ
ਗਿਰਗਟਾਂ ਦੇ, ਬਦਲਦੇ ਰੰਗ

ਇੱਕ ਰਾਜਨੀਤਕ ਪਾਰਟੀ 'ਚੋਂ
ਦੂਜੀ ਰਾਜਨੀਤਕ ਪਾਰਟੀ ਦੇ ਛੱਪੜ 'ਚ
ਡੱਡੂਆਂ ਵਾਂਗ ਛਲਾਂਗਾਂ ਮਾਰਨੀਆਂ

ਇਹ ਵੀ, ਇੱਕ, ਦਿਲਕਸ਼
ਨਜ਼ਾਰਾ ਹੁੰਦਾ ਹੈ

ਚੋਣਾਂ ਦਾ ਮੌਸਮ ਵੀ
ਰਾਜਨੀਤਕ ਗਿਰਗਟਾਂ ਦੇ
ਕਿਰਦਾਰਾਂ ਦਾ-

ਚੌਂਕਾਂ, ਚੁਰੱਸਤਿਆਂ, ਬਾਜ਼ਾਰਾਂ, 'ਚ
ਪਿਆ, ਖਿਲਾਰਾ
ਹੁੰਦਾ ਹੈ
■

(ਮਾਲਟਨ, ਫਰਵਰੀ 18, 2022)

# ਤਲਾਸ਼, ਇੱਕ ਕੌਮੀ ਸ਼ਹੀਦ ਦੀ

ਪੂੰਜੀਵਾਦੀਆਂ ਨੇ, ਸ਼ਹਿਰ ਵਿੱਚ
ਮੁਨਾਦੀ ਕਰਵਾਈ :

ਇੱਕ, ਕੌਮੀ ਸ਼ਹੀਦ ਦੀ
ਤਲਾਸ਼ ਹੈ-

ਜੋ, ਬਾਰ, ਬਾਰ, ਹਵਾ ਵਿੱਚ, ਮਦਾਰੀ ਵਾਂਗ
ਤਲਵਾਰ ਘੁਮਾ ਸਕਦਾ ਹੋਵੇ
ਜੋ, ਲੋਕਾਂ ਨੂੰ, ਮੰਤਰ ਮੁਗਧ ਕਰ, ਗੰਗਾ ਜਲ ਕਹਿ
ਗਊ ਮਾਤਾ ਦਾ, ਮੂਤਰ ਪਿਲਾ ਸਕਦਾ ਹੋਵੇ
ਜੋ, ਲੋਕਾਂ ਨੂੰ, ਅੱਲ੍ਹਾ-ਹੂ-ਅਕਬਰ ਕਹਿ
ਬਲੀ ਦੇ ਬੱਕਰੇ ਬਣਾ ਸਕਦਾ ਹੋਵੇ
ਜੋ, ਲੋਕਾਂ ਨੂੰ, ਜੀਸਸ, ਜੀਸਸ, ਕਹਿ
ਸਲੀਬ ਉੱਤੇ ਲਟਕਣ ਲਈ, ਉਕਸਾ ਸਕਦਾ ਹੋਵੇ

ਕੌਮੀ ਸ਼ਹੀਦ, ਜਿਸ ਦੀ
ਫ਼ਿਲਮੀ ਦਿੱਖ ਵਾਲੀਆਂ, ਰੰਗਦਾਰ ਤਸਵੀਰਾਂ
ਗਲੋਬਲ ਮੰਡੀ 'ਚ, ਲੱਖਾਂ ਦੀ ਗਿਣਤੀ 'ਚ
ਡਾਲਰਾਂ/ਪੌਂਡਾਂ ਦੇ ਭਾਅ, ਵਿਕ ਸਕਣ
ਜਿਨ੍ਹਾਂ ਤਸਵੀਰਾਂ ਨੂੰ ਦੇਖ, ਅੱਲ੍ਹੜ ਮੁਟਿਆਰਾਂ
ਵੈਲਨਟਾਈਨ ਡੇਅ ਉੱਤੇ, ਰੋਮਾਂਚਿਕ
ਹਿਚਕੀਆਂ, ਹਟਕੋਰੇ, ਭਰ ਸਕਣ

ਕੌਮੀ ਸ਼ਹੀਦ, ਜਿਸ ਦੀ
ਆਵਾਜ਼ ਸੁਣਕੇ, ਭਾਵੁਕਤਾ 'ਚ ਆਏ, ਨੌਜੁਆਨ
ਭੂਤਰੇ ਹੋਏ, ਸਾਹਨਾਂ ਵਾਂਗ
ਗਲੀਆਂ, ਬਾਜ਼ਾਰਾਂ, ਚੌਰਸਤਿਆਂ, 'ਚ
ਖੌਰੂ ਪਾਉਂਦੇ ਫਿਰਨ

ਕੌਮੀ ਸ਼ਹੀਦ, ਜਿਸਨੂੰ
ਧਾਰਮਿਕ ਦਹਿਸ਼ਤਗਰਦਾਂ ਦੇ ਗ੍ਰੋਹ ਵੀ
ਆਪਣਾ, ਜਰਨੈਲ ਕਹਿ ਸਕਣ

ਕੌਮੀ ਸ਼ਹੀਦ, ਜਿਸਨੂੰ

ਸਮੇਂ ਦੀਆਂ ਸਰਕਾਰਾਂ ਦੇ
ਖੁਫ਼ੀਆ ਤੰਤਰ, ਵੀ, ਸਾਡਾ ਹੀ
ਬੰਦਾ ਕਹਿ, ਗਲੇ
ਲਗਾ ਸਕਣ

ਕੌਮੀ ਸ਼ਹੀਦ, ਜੋ
ਲਾਲ ਕਿਲ੍ਹੇ ਦੇ ਮੈਦਾਨ ਵਿੱਚ ਖਲੋ ਕੇ, ਇੱਕ
ਵਿਦਰੋਹੀ ਹੋਣ ਦਾ ਨਾਟਕ ਕਰ ਸਕੇ
ਪਰ, ਪੁਲਿਸ ਦੇ ਸਿਪਾਹੀ, ਆਪਣੇ ਵੱਲ
ਆਉਂਦੇ ਦੇਖ, ਝੱਟ, ਪਲਟੀਨੋ ਉੱਤੇ ਸਵਾਰ ਹੋ
ਉੱਥੋਂ, ਤਿੱਤਰ ਹੋ ਸਕੇ
ਕੌਮੀ ਸ਼ਹੀਦ, ਜੋ
ਮੌਕਾ ਦੇਖ, ਮੌਕਾਪ੍ਰਸਤੀ
ਵਿੱਚ ਢਲ ਸਕੇ

ਕੌਮੀ ਸ਼ਹੀਦ, ਜੋ
ਗਿਰਗਟ ਦੇ ਵਾਂਗ, ਪਲ, ਪਲ
ਰੰਗ ਬਦਲ ਸਕੇ
■
(ਮਾਲਟਨ, ਫਰਵਰੀ 27, 2022)

# ਪਿਆਦੇ

ਰਾਜਨੀਤੀ ਦੀ ਸ਼ਤਰੰਜ ਵਿੱਚ
ਪਿਆਦਿਆਂ ਦੀ, ਕਿਤੇ ਵੀ, ਕਿਸੇ ਵੀ ਪਲ
ਬਲੀ ਦਿੱਤੀ ਜਾ ਸਕਦੀ ਹੈ-

ਰਾਜਨੀਤੀਵਾਨ, ਆਪਣੀ, ਅਜਿਹੀ
ਚਾਲ ਬਾਰੇ, ਕਿਸੇ ਮਨ ਵਿੱਚ
ਭੋਰਾ ਵੀ, ਸ਼ੱਕ ਨਹੀਂ
ਹੋਣ ਦੇਣਗੇ

ਬਲਕਿ, ਉਹ, ਤਾਂ
ਸ਼ਹਿਰ ਵਿੱਚ, ਗਲੀ, ਗਲੀ
ਪਿਆਦਿਆਂ ਦੀ, ਜੈ ਜੈ ਕਾਰ
ਦੇ ਨਾਹਰੇ ਬੁਲੰਦ
ਕਰਵਾਉਣਗੇ

ਉਹ, ਤਾਂ
ਪਿਆਦਿਆਂ ਨੂੰ, ਲੋਕਾਂ ਦੇ
ਰਹਿਨੁਮਾ ਹੋਣ ਦੇ
ਢਕੌਂਜ ਰਚਾਉਣਗੇ

ਉਹ, ਤਾਂ
ਪਿਆਦਿਆਂ ਦੇ, ਚਿਹਰਿਆਂ ਉੱਤੇ
ਜਾਹੋ-ਜਲਾਲ ਦਿਖਾਉਣ ਲਈ
ਉਨ੍ਹਾਂ ਦੇ ਹੱਥਾਂ 'ਚ
ਕਦੀ ਤੀਰ, ਕਦੀ ਤਲਵਾਰ, ਕਦੀ ਸੁਦਰਸ਼ਨ ਚੱਕਰ
ਪਕੜਵਾਉਣਗੇ

ਉਹ, ਤਾਂ
ਆਪਣੀਆਂ, ਰਾਜਨੀਤਿਕ ਸਾਜ਼ਿਸ਼ਾਂ ਦੇ
ਮੋਹਰੇ ਬਨਾਉਣ ਲਈ
ਪਿਆਦਿਆਂ ਦੇ ਸਿਰਾਂ ਉੱਤੇ
-ਕਦੀ, ਭਗਤ ਸਿੰਘ
-ਕਦੀ, ਗਾਂਧੀ
-ਕਦੀ, ਸੁਭਾਸ਼ ਚੰਦਰ ਬੋਸ

ਦਾ, ਕਾਗਜ਼ੀ, ਮੁਕਟ ਵੀ
ਸਜਾਉਣਗੇ

ਰਾਜਨੀਤੀ ਦੀ ਸੰਤਰੰਜ ਵਿੱਚ
ਪਿਆਦਿਆਂ ਨੂੰ, ਕਿਤੇ ਵੀ, ਕਿਸੇ ਵੀ ਪਲ
ਬਲੀ ਦੇ ਬੱਕਰੇ ਬਣਾ
ਝਟਕਾਇਆ ਜਾ ਸਕਦੈ

ਕਦੀ, ਕੋਈ ਕਾਰ ਦੁਰਘਟਨਾ ਕਰ
ਕਦੀ, ਕੋਈ ਹਵਾਈ ਜਹਾਜ਼ ਦਾ ਹਾਦਸਾ ਕਰਵਾ
ਕਦੀ, ਦੇਸ਼-ਧ੍ਰੋਹੀ ਕਹਿ ਕਤਲ ਕਰਵਾ ਦੇਣਾ

ਪਤਾ ਨਹੀਂ, ਉਹ
ਕੀ, ਕੀ, ਨਾਟਕ
ਰਚਾਉਣਗੇ

ਰਾਜਨੀਤੀਵਾਨ, ਆਪਣੀ
ਰਾਜਨੀਤਿਕ, ਸ਼ਤਰੰਜ ਦੀ ਖੇਡ ਵਿੱਚ
ਆਪਣੇ, ਮਨਸੂਬਿਆਂ ਦੀ
ਪ੍ਰਾਪਤੀ ਖਾਤਰ-

ਪਤਾ ਨਹੀਂ, ਕਦ, ਕਦ
ਪਿਆਦਿਆਂ ਦੀ
ਬਲੀ ਚੜਾਉਣਗੇ
■
(ਮਾਲਟਨ, ਫਰਵਰੀ 16, 2022)

# ਬਦਲ ਰਹੇ ਸਮਿਆਂ ਦੀ ਦਾਸਤਾਨ

ਸਮਾਂ, ਕਿੰਨਾ, ਬਦਲ ਗਿਆ ਹੈ
ਜ਼ਿੰਦਗੀ ਜਿਓਣ ਦੇ, ਸਭ
ਦਸਤੂਰ, ਹੀ, ਬਦਲ
ਗਏ ਹਨ

ਇਨਾਮਾਂ-ਸਨਮਾਨਾਂ ਦੀ ਝਾਕ ਵਿੱਚ
ਲੋਕ, ਹੁਣ, ਤਾਂ-
ਵੇਸਵਾਵਾਂ ਵਾਂਗ, ਆਪਣੇ
ਜਿਸਮਾਂ ਨੂੰ, ਤਸ਼ਤਰੀ ਵਿੱਚ
ਸਜਾ ਕੇ, ਪਰੋਸ ਦਿੰਦੇ ਹਨ

ਸਾਹਿਤ ਅਕੈਡਮੀਆਂ ਦੇ
ਬਹੁ-ਚਰਚਿਤ, ਐਵਾਰਡ
ਪ੍ਰਾਪਤ ਕਰਨ ਦੀ ਲਾਲਸਾ 'ਚ
ਤਾਂ, ਲੋਕ, ਆਪਣੇ, ਚਿਹਰਿਆਂ 'ਤੇ
ਰੇਸ਼ਮੀ ਮੁਸਕਰਾਹਟਾਂ ਪਹਿਣ
ਆਪਣੇ, ਜਿਸਮਾਂ ਦੇ, ਨਾਜ਼ੁਕ ਅੰਗਾਂ ਨੂੰ
ਹੁਣ, ਤਾਂ, ਬਿਨ੍ਹਾਂ ਕਿਸੇ ਝਿਜਕ
ਵਿਆਗਰਾ ਦੀਆਂ ਗੋਲੀਆਂ ਦੇ
ਤਜਰਬਿਆਂ ਲਈ, ਹਾਜ਼ਿਰ-ਨਾਜ਼ਿਰ
ਕਰ ਦਿੰਦੇ ਹਨ

ਸ਼ਰੋਮਣੀ ਕਵੀ ਦੀ
ਪਦਵੀ ਹਾਸਿਲ ਕਰਨ ਲਈ
ਲੋਕ, ਸੜਕਾਂ ਕਿਨਾਰੇ ਖੜ੍ਹੇ, ਕਿਸੇ
ਰਾਜਨੀਤਕ ਬੱਕਰੀਆਂ ਚੋਣ ਵਾਲੇ ਨੂੰ ਦੇਖ
ਝੁਕ, ਝੁਕ, ਆਪਣੀਆਂ
ਪੂਛਾਂ ਦੀ ਸਲਾਮੀ ਦੇਣ
ਲੱਗਦੇ ਹਨ

ਭਾਸ਼ਾ ਵਿਭਾਗਾਂ ਦੇ ਇਨਾਮਾਂ
ਦਾ ਫੈਸਲਾ, ਹੁਣ
ਇਹ ਦੇਖਕੇ ਨਹੀਂ ਹੁੰਦਾ
ਤੁਹਾਡੀ, ਕਿਤਾਬ ਵਿੱਚ

ਕੀ ਲਿਖਿਆ ਹੈ-

ਬਲਕਿ, ਇਹ, ਫੈਸਲਾ, ਤਾਂ
ਤੁਹਾਡੇ, ਹੋਠਾਂ ਉੱਤੇ ਲੱਗੀ
ਲਿਪਸਟਿਕ ਦੀ ਕਿਸਮ
ਦੇਖ ਕੇ ਹੁੰਦਾ ਹੈ

ਤੁਹਾਡੇ, ਜਿਸਮ ਤੋਂ
ਆ ਰਹੀ ਖ਼ੁਸ਼ਬੋ ਦੀ
ਖਿੱਚ ਮਹਿਸੂਸ ਕਰਕੇ
ਹੁੰਦਾ ਹੈ

ਕਲਾ-ਪ੍ਰੀਸ਼ਦਾਂ ਦੇ
ਸਾਹਿਤਕ ਮਾਹਰ, ਤੁਹਾਡੇ ਲਈ
ਸਾਹਿਤਕ ਮੰਚਾਂ ਉੱਤੇ, ਕੁਰਸੀਆਂ ਵੀ
ਇਹ ਚਿਤਵ ਕੇ ਹੀ, ਰਾਖਵੀਆਂ
ਰੱਖਦੇ ਹਨ, ਸ਼ਾਮ ਢਲੇ ਹੀ
ਤੁਸੀਂ, ਉਨ੍ਹਾਂ ਲਈ, ਤੰਦੂਰੀ ਮੁਰਗਿਆਂ ਸੰਗ
ਬਦੇਸ਼ੀ ਵਿਸਕੀ ਦੀ ਕਿਹੜੀ
ਕਿਸਮ ਪਰੋਸ ਕੇ, ਸ਼ਾਮ
ਰੰਗੀਨ ਕਰਨ ਵਾਲੇ ਹੋ
■

(ਮਾਲਟਨ, ਅਪ੍ਰੈਲ 25, 2022)

# ਰੁਝਾਨ

ਕਵੀ ਨੇ ਆਖਿਆ :
ਮੈਂ ਗੈਂਗਸਟਰਾਂ ਦੀ ਹਿਮਾਇਤ ਵਿੱਚ
ਇੱਕ, ਗੀਤ ਲਿਖ ਸਕਦਾ ਹਾਂ-
ਜੇਕਰ, ਕੋਈ, ਰਾਗੀ, ਢਾਡੀ, ਮੇਰੇ
ਇਸ ਗੀਤ ਦੀ ਤਾਰੀਫ ਵਿੱਚ
ਬਚਨ ਬਿਲਾਸ ਕਰ ਸਕੇ, ਤਾਂ

ਗਾਇਕ ਨੇ ਆਖਿਆ :
ਮੈਂ ਗੈਂਗਸਟਰਾਂ ਦੀ ਹਿਮਾਇਤ ਵਿੱਚ
ਇੱਕ, ਗੀਤ ਗਾ ਸਕਦਾ ਹਾਂ-
ਜੇਕਰ, ਕੋਈ, ਸੋਸ਼ਲ ਮੀਡਿਆ, ਮੇਰੇ
ਇਸ ਗੀਤ ਨੂੰ ਲੱਖਾਂ ਸਰੋਤਿਆਂ
ਤੱਕ ਪਹੁੰਚਾ ਸਕੇ, ਤਾਂ

ਸੰਗੀਤਕਾਰ ਨੇ ਆਖਿਆ :
ਮੈਂ ਗੈਂਗਸਟਰਾਂ ਦੀ ਹਿਮਾਇਤ ਵਿੱਚ
ਇੱਕ, ਗੀਤ ਸੁਰਬਧ ਕਰ ਸਕਦਾ ਹਾਂ-
ਜੇਕਰ, ਕੋਈ ਡਾਇਰੈਕਟਰ, ਮੇਰੇ
ਇਸ ਗੀਤ ਨੂੰ ਆਪਣੀ ਕਿਸੀ
ਫਿਲਮ ਵਿੱਚ ਸ਼ਾਮਿਲ ਕਰ ਸਕੇ, ਤਾਂ

ਫਿਲਮਸਾਜ਼ ਨੇ ਆਖਿਆ :
ਮੈਂ ਗੈਂਗਸਟਰਾਂ ਦੀ ਹਿਮਾਇਤ ਵਿੱਚ
ਇੱਕ, ਗੀਤ ਨੂੰ ਫਿਲਮ ਦਾ ਹਿੱਸਾ ਬਣਾ ਸਕਦਾ ਹਾਂ-
ਜੇਕਰ, ਸੈਂਸਰ ਬੋਰਡ, ਮੇਰੇ
ਇਸ ਗੀਤ ਨੂੰ ਮੰਜ਼ੂਰੀ
ਦੇ ਸਕੇ, ਤਾਂ

ਜ਼ਾਹਿਰ ਹੈ ਕਿ
ਗੈਂਗਸਟਰ ਸ਼ਬਦ
ਸਾਡੀ ਜ਼ਿੰਦਗੀ ਦਾ
ਹੁਣ, ਅਨਿੱਖੜਵਾਂ
ਅੰਗ ਬਣ ਚੁੱਕਾ ਹੈ
■ (ਮਾਲਟਨ, ਜੂਨ 22, 2022)

# ਤਮਾਸ਼ਾ

ਗਾਇਕ, ਆਪਣੇ ਆਪ ਨੂੰ
ਗੈਂਗਸਟਰ ਆਖਦਾ ਹੈ
ਬੁੱਧੀਜੀਵੀ, ਗੈਂਗਸਟਰ ਗਾਇਕ ਨੂੰ
ਨਾਇਕ ਆਖਦਾ ਹੈ
ਸੰਪਾਦਕ, ਬੁੱਧੀਜੀਵੀ ਨੂੰ
ਖਲਨਾਇਕ ਆਖਦਾ ਹੈ

ਗੈਂਗਸਟਰ ਦਾ, ਹੁਣ
ਹਰ ਪਾਸੇ ਹੀ, ਬੋਲਬਾਲਾ ਹੈ
ਲੱਗਦਾ ਹੈ, ਹੁਣ
ਦਾਲ ਵਿੱਚ ਹੀ, ਕੁਝ, ਕਾਲਾ ਹੈ
ਰਾਜਨੀਤੀਵਾਨ ਦਾ, ਹੁਣ
ਗੈਂਗਸਟਰ, ਹੀ, ਸਰਵਾਲਾ ਹੈ

ਗੈਂਗਸਟਰ, ਗਾਇਕ, ਆਪਣੀ, ਡੱਬ ਵਿੱਚ
ਰੱਖੀ ਪਿਸਤੌਲ ਦੀ ਗੱਲ ਕਰਦਾ ਹੈ
ਟੀਵੀ ਰਿਪੋਰਟਰ, ਗੈਂਗਸਟਰ ਦੀ ਸ਼ਰਟ ਦੇ
ਮਹਿੰਗੇ, ਬਰਾਂਡ ਦੀ ਗੱਲ ਕਰਦਾ ਹੈ
ਆਮ ਬੰਦਾ, ਘਰ ਵਿੱਚ ਬੈਠਾ ਵੀ
ਗੈਂਗਸਟਰ ਦੀ, ਦਹਿਸ਼ਤ ਤੋਂ ਡਰਦਾ ਹੈ

ਗੈਂਗਸਟਰ, ਪੁਲਿਸ ਦੀ ਭੀੜ ਵਿੱਚ
ਬੌਲੀਵੁੱਡ ਹੀਰੋ ਵਾਂਗ ਦਿਖਦਾ ਹੈ
ਪੁਲਿਸ ਦੀ, ਭੀੜ 'ਚ ਲੱਗਦਾ ਹੈ
ਹੁਣ, ਕਾਨੂੰਨ ਵਿੱਕਦਾ ਹੈ
ਦੇਸ਼ ਅਤੇ ਸੰਵਿਧਾਨ, ਇੰਝ ਹੀ
ਜੁਰਮ ਦੇ, ਪੈਰਾਂ ਵਿੱਚ ਡਿੱਗਦਾ ਹੈ

ਦੇਸ਼ ਦਾ ਨਾਗਰਿਕ, ਫਿਰ ਵੀ
ਟੀਵੀ ਸਕਰੀਨ ਉੱਤੇ ਆ ਰਿਹਾ
ਘਿਨੌਉਣਾ, ਦ੍ਰਿਸ਼ ਦੇਖ-
ਪੂਰੇ ਜ਼ੋਰ ਨਾਲ, ਤਾੜੀਆਂ ਮਾਰਦਾ ਹੈ
ਅਤੇ ਖਿੜਖਿੜਾ ਕੇ, ਹੱਸਦਾ ਹੈ
■ (ਜੁਲਾਈ 10, 2022, ਮਾਲਟਨ)

# ਸਾਡੀਆਂ ਖੁਸ਼ੀਆਂ

ਅਸੀਂ, ਖੁਸ਼ ਹਾਂ-
ਸਾਡੇ, ਬੱਚੇ ਗੈਂਗਸਟਰ ਕਲਚਰ ਵਿੱਚ
ਪਲ ਰਹੇ ਹਨ

ਅਸੀਂ, ਖੁਸ਼ ਹਾਂ-
ਸਾਡੇ, ਬੁੱਧੀਜੀਵੀ ਗੈਂਗਸਟਰਾਂ ਨੂੰ ਰਹਿਨੁਮਾਵਾਂ ਵਜੋਂ
ਮਾਨ-ਸਨਮਾਨ ਦੇ ਰਹੇ ਹਨ

ਅਸੀਂ, ਖੁਸ਼ ਹਾਂ-
ਸਾਡੇ, ਪੱਤਰਕਾਰ ਗੈਂਗਸਟਰਾਂ ਬਾਰੇ ਖਬਰਾਂ
ਮਸਾਲੇ ਲਗਾ ਲਗਾ ਕੇ ਪੇਸ਼ ਕਰ ਰਹੇ ਹਨ

ਅਸੀਂ, ਖੁਸ਼ ਹਾਂ-
ਸਾਡੇ, ਪੁਲਿਸਕਰਮੀ ਗੈਂਗਸਟਰਾਂ ਨੂੰ ਨਾਇਕਾਂ ਵਾਂਗ
ਸੁਰੱਖਿਆ ਦੇ ਰਹੇ ਹਨ

ਅਸੀਂ, ਖੁਸ਼ ਹਾਂ-
ਸਾਡੇ, ਰਾਜਨੀਤੀਵਾਨ ਗੈਂਗਸਟਰਾਂ ਦੇ ਕੀਰਨੇ ਪਾ ਪਾ
ਵੋਟਾਂ ਮੰਗ ਰਹੇ ਹਨ

ਅਸੀਂ, ਖੁਸ਼ ਹਾਂ-
ਸਾਡੇ, ਚੌਗਿਰਦੇ ਵਿੱਚ ਹਰ ਸ਼ੈਅ ਗੈਂਗਸਟਰ ਗੀਤਾਂ ਦੀਆਂ
ਧੁੰਨਾਂ ਉੱਤੇ ਨੱਚ ਰਹੀ ਹੈ

ਅਸੀਂ, ਖੁਸ਼ ਹਾਂ-
ਸਾਡੇ, ਗੈਂਗਸਟਰ ਗਾਇਕ ਯੁਵਕਾਂ ਦੀ ਮਾਨਸਿਕਤਾ
ਗੰਧਲੀ ਕਰ ਰਹੇ ਹਨ

ਅਸੀਂ, ਖੁਸ਼ ਹਾਂ-
ਸਾਡੇ, ਦਿਲਾਂ ਦਿਮਾਗ਼ਾਂ ਵਿੱਚ ਗੈਂਗਸਟਰ ਸੋਚ
ਫਨੀਅਰ ਸੱਪ ਬਣ ਬੈਠ ਰਹੀ ਹੈ

ਅਸੀਂ, ਖੁਸ਼ ਹਾਂ-
ਸਾਡੇ, ਦਿਸ਼ਾਹੀਣ, ਅਗਿਆਨੀ, ਹੰਕਾਰੀ, ਸੁਭਾਅ ਕਾਰਨ

ਬੱਚਿਆਂ ਦੇ ਭਵਿੱਖ ਉੱਤੇ ਵੀ, ਗੈਂਗਸਟਰ ਖ਼ੂਨੀ ਤਲਵਾਰ ਦੀ ਜਕੜ
ਦਿਨ-ਬ-ਦਿਨ, ਹੋਰ ਮਜ਼ਬੂਤੀ ਪਕੜ ਰਹੀ ਹੈ

■

(ਮਾਲਟਨ, ਜੂਨ 30, 2022)

# ਗੈਂਗਸਟਰ ਮਾਨਸਿਕਤਾ

ਨਾਹਰਾ ਸੁਣਦਿਆਂ ਹੀ, ਉਹ
ਤੁਰ ਪੈਂਦੇ ਹਨ-
ਪੈਟਰੋਲ, ਗੈਸ, ਤੇਲ, ਤਿਜ਼ਾਬ, ਲੈ ਕੇ
ਬੱਸਾਂ, ਗੱਡੀਆਂ, ਕਾਰਾਂ, ਟਰੱਕਾਂ, ਨੂੰ
ਅਗਨ ਭੇਟ ਕਰਨ ਲਈ

ਨਾਹਰਾ ਸੁਣਦਿਆਂ ਹੀ, ਉਹ
ਤੁਰ ਪੈਂਦੇ ਹਨ-
ਤਲਵਾਰਾਂ, ਬਰਛੇ, ਤ੍ਰਿਸ਼ੂਲ, ਟਕੂਏ, ਲੈ ਕੇ
ਮਾਸੂਮਾਂ, ਬੇਗੁਨਾਹਾਂ, ਬੱਚਿਆਂ, ਬੁੱਢਿਆਂ, ਦਾ
ਕਤਲੇਆਮ ਕਰਨ ਲਈ

ਨਾਹਰਾ ਸੁਣਦਿਆਂ ਹੀ, ਉਹ
ਤੁਰ ਪੈਂਦੇ ਹਨ-
ਲਾਠੀਆਂ, ਸਰੀਏ, ਕਹੀਆਂ, ਹਥੌੜੇ, ਲੈ ਕੇ
ਸਕੂਲਾਂ, ਕਾਲਿਜਾਂ, ਯੂਨੀਵਰਸਿਟੀਆਂ, ਹਸਪਤਾਲਾਂ, ਨੂੰ
ਖੰਡਰ ਬਨਾਉਣ ਲਈ

ਗੈਂਗਸਟਰ ਮਾਨਸਿਕਤਾ
ਅੱਖਾਂ ਤੋਂ ਅੰਨ੍ਹੀ
ਕੰਨਾਂ ਤੋਂ ਬੋਲੀ
ਮੂੰਹਾਂ ਤੋਂ ਗੂੰਗੀ
ਹੁੰਦੀ ਹੈ

ਗੈਂਗਸਟਰ ਮਾਨਸਿਕਤਾ
ਜੰਗਲ ਦੀ ਅੱਗ ਵਾਂਗ ਫੈਲਦੀ ਹੈ
ਕੈਂਸਰ ਦੇ ਰੋਗ ਵਾਂਗ ਤਬਾਹੀ ਕਰਦੀ ਹੈ

ਗੈਂਗਸਟਰ ਮਾਨਸਿਕਤਾ
ਅੱਲ੍ਹਾ-ਹੂ-ਅਕਬਰ, ਅੱਲ੍ਹਾ-ਹੂ-ਅਕਬਰ
ਹਰੇ ਰਾਮਾ, ਹਰੇ ਕ੍ਰਿਸ਼ਨਾ
ਜੀਸਸ, ਜੀਸਸ
ਵਾਹਿਗੁਰੂ, ਵਾਹਿਗੁਰੂ
ਦੇ ਸ਼ੋਰੀਲੇ ਨਾਹਰਿਆਂ ਨਾਲ

ਲੋਕਾਂ ਨੂੰ, ਪਾਗਲਪਨ ਦੀ
ਆਖਰੀ ਹੱਦ ਤੱਕ
ਲੈ ਕੇ ਜਾਂਦੀ ਹੈ

ਗੈਂਗਸਟਰ ਮਾਨਸਿਕਤਾ
ਹੱਥਾਂ ਵਿੱਚ ਫੜੀਆਂ
ਏਕੇ-47 ਮਸ਼ੀਨ ਗੰਨਾਂ ਨਾਲ
ਗੋਲੀਆਂ ਦੀ ਬਰਸਾਤ ਕਰਕੇ
ਸੜਕਾਂ, ਬਾਜ਼ਾਰਾਂ, ਚੌਰਸਤਿਆਂ, ਵਿੱਚ
ਲੇਖਕਾਂ, ਕਲਾਕਾਰਾਂ, ਗਾਇਕਾਂ, ਅਦਾਕਾਰਾਂ, ਦੀਆਂ
ਲਾਸ਼ਾਂ ਦੇ ਅੰਬਾਰ ਲਗਾ ਕੇ
ਤਾਂਡਵ ਨਾਚ ਕਰਦੀ ਹੈ

ਗੈਂਗਸਟਰ ਮਾਨਸਿਕਤਾ
ਫੇਸਬੁੱਕ, ਇੰਟਰਨੈੱਟ, ਇੰਸਟਾਗ੍ਰਾਮ, ਯੂਟਿਊਬ, ਦੇ
ਗਲੋਬਲੀ, ਰਾਜਸਿੰਘਾਸਨਾਂ ਉੱਤੇ ਬੈਠ
ਕਬਰਸਤਾਨਾਂ, ਸ਼ਮਸ਼ਾਨ ਘਰਾਂ, ਗੈਸ ਚੈਂਬਰਾਂ, ਦੀ
ਸਲਾਮਤੀ ਲਈ, ਦੁਆਵਾਂ ਕਰਦੀ ਹੈ
■

(ਮਾਲਟਨ, ਜੂਨ 19, 2022)

# ਕਾਮਰੇਡ

ਕਾਮਰੇਡ ਹੋਣ ਦੇ ਅਰਥ
ਜੇਕਰ, ਗਾਂਧੀ ਦਾ ਚਰਖਾ
ਕੱਤਣ ਤੱਕ ਹੀ ਸੀਮਤ ਹਨ
ਤਾਂ, ਤੂੰ, ਬਈ ਜਾਹ

ਕਾਮਰੇਡ ਹੋਣ ਦੇ ਅਰਥ
ਜੇਕਰ, ਮੂੰਗੀ ਦੀ ਦਾਲ
ਖਾਣ ਤੱਕ ਹੀ ਸੀਮਤ ਹਨ
ਤਾਂ, ਤੂੰ, ਬਈ ਜਾਹ

ਕਾਮਰੇਡ ਹੋਣ ਦੇ ਅਰਥ
ਜੇਕਰ, ਭਾਰਤ ਮਾਤਾ ਦੀ ਜੈ
ਕਹਿਣ ਤੱਕ ਹੀ ਸੀਮਤ ਹਨ
ਤਾਂ, ਤੂੰ, ਬਈ ਜਾਹ

ਕਾਮਰੇਡ ਹੋਣ ਦੇ ਅਰਥ
ਜੇਕਰ, ਦਰਸ਼ਨੀ ਚਿਹਰਾ ਬਣਾ
ਦਾਹੜੀਆਂ ਵਧਾਉਣ ਤੱਕ ਹੀ ਸੀਮਤ ਹਨ
ਤਾਂ, ਤੂੰ, ਬਈ ਜਾਹ

ਕਾਮਰੇਡ ਹੋਣ ਦੇ ਅਰਥ
ਜੇਕਰ, ਹਕੂਮਤ ਦੇ ਚਾਪਲੂਸ
ਹੋਣ ਤੱਕ ਹੀ ਸੀਮਤ ਹਨ
ਤਾਂ, ਤੂੰ, ਬਈ ਜਾਹ

ਕਾਮਰੇਡ ਹੋਣ ਦੇ ਅਰਥ
ਜੇਕਰ, ਰਾਜਸਿੰਘਾਸਨ ਉੱਤੇ ਬੈਠੇ ਮਦਾਰੀ ਦੀ
ਡੁਗਡੁਗੀ ਦੀ ਤਾਲ ਉੱਤੇ ਨੱਚਣ ਤੱਕ ਹੀ ਸੀਮਤ ਹਨ
ਤਾਂ, ਤੂੰ, ਬਈ ਜਾਹ

ਸਾਨੂੰ, ਤਾਂ, ਚੰਗਾ ਲੱਗਦਾ ਹੈ
'ਇਨਕਲਾਬ ਜ਼ਿੰਦਾਬਾਦ' ਦੀ ਸੁਰ ਵਿੱਚ
ਸੁਰ ਮਿਲਾਣਾ–

ਸਾਨੂੰ, ਤਾਂ, ਚੰਗਾ ਲੱਗਦਾ ਹੈ
'ਸਰਫਰੋਸ਼ੀ ਕੀ ਤਮੰਨਾ' ਦੀ ਸੁਰ ਵਿੱਚ
ਸੁਰ ਮਿਲਾਣਾ-

ਸਾਨੂੰ, ਤਾਂ, ਚੰਗਾ ਲੱਗਦਾ ਹੈ
'ਹਵਾ ਮੇਂ ਰਹੇਂਗੀ ਸਦਾ
ਮੇਰੇ ਖਿਆਲੋਂ ਕੀ ਚਿੰਗਾਰੀਆਂ' ਦੀ ਸੁਰ ਵਿੱਚ
ਸੁਰ ਮਿਲਾਣਾ-

ਸਾਨੂੰ, ਤਾਂ, ਚੰਗਾ ਲੱਗਦਾ ਹੈ
ਬੋਲੇ ਕੰਨਾਂ ਨੂੰ ਸੁਨਾਉਣ ਲਈ
ਨਗਾਰੇ ਦੀ ਧਮਕ
ਪੈਦਾ ਕਰਨਾ
■

(ਮਾਲਟਨ, ਅਕਤੂਬਰ 16, 2021)

# ਹਮਾਮ ਵਿੱਚ ਸਭ ਨੰਗੇ

ਲਾਸ਼, ਅਜੇ
ਸ਼ਮਸ਼ਾਨ ਘਰ
ਪਹੁੰਚੀ, ਵੀ
ਨਹੀਂ ਸੀ–

ਰਾਜਨੀਤੀਵਾਨ, ਗਿਰਝਾਂ ਵਾਂਗ
ਆ ਬੈਠੇ, ਸੜਕਾਂ, ਬਾਜ਼ਾਰਾਂ, ਚੌਰਸਤਿਆਂ ਵਿੱਚ
ਆਪਣਾ, ਆਪਣਾ, ਰਾਜਨੀਤੀ ਦਾ
ਰਾਗ ਅਲਾਪਦੇ ਹੋਏ

ਕੋਈ, ਲਾਸ਼ ਸਾਹਵੇਂ
ਗਾਂਧੀ ਦਾ ਚਰਖਾ ਕੱਤ ਰਿਹਾ ਸੀ
ਕੋਈ, ਲਾਸ਼ ਸਾਹਵੇਂ
ਜਨੂੰਨਸਤਾਨ ਜ਼ਿੰਦਾਬਾਦ ਕਹਿ ਰਿਹਾ ਸੀ
ਕੋਈ, ਲਾਸ਼ ਸਾਹਵੇਂ
ਪੰਥਕ ਏਕਤਾ ਦੀ ਰਟ ਲਗਾ ਰਿਹਾ ਸੀ
ਕੋਈ, ਲਾਸ਼ ਸਾਹਵੇਂ
ਰਾਸ਼ਟਰ ਏਕਤਾ ਦੀ ਪੱਟੀ ਪੜ੍ਹਾ ਰਿਹਾ ਸੀ

ਕੱਲ੍ਹ ਤੱਕ, ਜਿਨ੍ਹਾਂ ਲਈ
ਲਾਸ਼, ਇੱਕ ਗੈਂਗਸਟਰ ਸੀ
ਉਹ, ਹੁਣ, ਮਗਰਮੱਛ ਵਾਂਗ
ਹੰਝੂ ਵਹਾਉਂਦਾ, ਲਾਸ਼ ਨੂੰ
ਕੌਮ ਦਾ ਹੀਰਾ
ਬਣਾ ਰਿਹਾ ਸੀ

ਕੱਲ੍ਹ ਤੱਕ, ਜਿਨ੍ਹਾਂ ਲਈ
ਲਾਸ਼, ਹਥਿਆਰਾਂ ਦਾ ਵਿਉਪਾਰੀ ਸੀ
ਉਹ, ਹੁਣ, ਮਕਾਰ, ਸਿਆਸਤਦਾਨ ਵਾਂਗ
ਚਿਹਰੇ ‘ਤੇ ਮੁਸਕਰਾਹਟ ਪਹਿਣ, ਲਾਸ਼ ਨੂੰ
ਪੰਜਾਬ ਦੇ ਮੱਥੇ ਦਾ ਮੁਕਟ
ਦਰਸਾ ਰਿਹਾ ਸੀ

ਪਰ, ਕਿਸੇ ਨੇ

ਇਹ ਭੇਦ ਨ ਖੋਹਲਿਆ-
ਹਥਿਆਰ, ਗਾਇਕੀ
ਕਿਉਂ, ਕਰਨ ਲੱਗ ਪਏ ਸਨ
ਗਾਇਕੀ, ਨਫ਼ਰਤ
ਕਿਉਂ, ਵੰਡਣ ਲੱਗ ਪਈ ਸੀ
ਕਲਾਕਾਰ, ਹੰਕਾਰੀਪਣ
ਕਿਉਂ, ਉੱਤਮ ਸਮਝਣ ਲੱਗ ਪਏ ਸਨ

ਪਰ, ਕਿਸੇ ਨ
ਸੋਚਿਆ-
ਨਵੀਂ ਪੌਦ, ਖ਼ੁਦਕਸ਼ੀਆਂ ਨੂੰ ਹੀ
ਸ਼ੁਹਰਤ ਦੀਆਂ ਬੁਲੰਦੀਆਂ
ਕਿਉਂ, ਸਮਝਣ
ਲੱਗ ਪਈ ਸੀ

ਪਰ, ਕਿਸੇ ਨ
ਸੋਚਿਆ-
ਪੰਜਾਬ ਦੀ ਧਰਤੀ
ਨਸ਼ਿਆਂ 'ਚ ਗਰਕ ਹੋ
ਇੱਕ ਦੂਜੇ ਦਾ ਕਤਲ ਕਰਨ ਨੂੰ ਹੀ, ਕਿਉਂ
ਜ਼ਿੰਦਗੀ ਦਾ ਮਨੋਰਥ
ਸਮਝਣ ਲੱਗ ਪਈ ਸੀ

ਪਰ, ਕਿਸੇ ਨ
ਸੋਚਿਆ-
ਸਾਡੀ ਸੋਚ, ਸਾਡੀ ਮਾਨਸਿਕਤਾ, ਸਾਡੀ ਹੋਂਦ
ਇਹ ਕਿਸ ਦਿਸ਼ਾ ਵੱਲ
ਤੁਰ ਪਈ ਸੀ
■

(ਜੂਨ 2, 2022, ਮਾਲਟਨ)

# ਗਿਰਝਾਂ

ਗਿਰਝਾਂ, ਫਿਰ
ਗਿੱਧਾ ਪਾਉਂਦੀਆਂ ਹਨ
ਪੰਜਾਬ ਦੇ, ਸਿਆਸੀ
ਆਸਮਾਨ ਵਿੱਚ

ਗਿਰਝਾਂ, ਫਿਰ, ਭੁੱਖੀਆਂ ਹਨ
ਗਿਰਝਾਂ, ਫਿਰ, ਚਾਂਭਲੀਆਂ ਹੋਈਆਂ ਹਨ
ਗਿਰਝਾਂ, ਫਿਰ, ਪੰਜਾਬ ਨੂੰ
ਅਫਗਾਨਿਸਤਾਨ ਬਨਾਉਣ ਲਈ
ਕਾਹਲੀਆਂ ਹਨ

ਗਿਰਝਾਂ, ਫਿਰ, ਪਿੰਡ, ਪਿੰਡ
ਘੁੰਮ ਰਹੀਆਂ ਹਨ

ਗਿਰਝਾਂ, ਫਿਰ, ਸ਼ਹਿਰ, ਸ਼ਹਿਰ
ਉੱਡ ਰਹੀਆਂ ਹਨ

ਗਿਰਝਾਂ ਦੇ, ਰਜਨੀਤਕ, ਪਾਲਕ
ਸਰਕਾਰੀ, ਖੁਫ਼ੀਆ-ਤੰਤਰ ਦੇ
ਏਅਰ ਕੰਡੀਸ਼ਨ ਦਫ਼ਤਰਾਂ 'ਚ ਬੈਠੇ
ਰੀਮੋਟ ਕੰਟਰੋਲ ਯੰਤਰਾਂ ਦੇ
ਬਸ, ਬਟਨ ਹੀ ਦਬਾਂਦੇ ਹਨ

ਗਿਰਝਾਂ ਦੇ ਝੁੰਡ
ਸੜਕਾਂ, ਬਾਜ਼ਾਰਾਂ, ਚੌਰਸਤਿਆਂ, 'ਚ
ਉਤਰਨ ਦਾ ਇਸ਼ਾਰਾ ਮਿਲਦਿਆਂ ਹੀ
ਧਰਮੀ ਨਾਹਰੇ ਬੁਲੰਦ ਕਰਦੇ ਹਨ
ਆਪਣੇ, ਹੱਥਾਂ 'ਚ ਫੜ੍ਹੇ
ਧਰਮੀ, ਪਰਚਮ, ਹਵਾ 'ਚ
ਹਿਲਾਂਦੇ ਹਨ

ਹਰ ਪਾਸੇ, ਹੌਲੀ, ਹੌਲੀ
ਤਾਜ਼ਾ ਡੁੱਲ੍ਹੇ, ਮਨੁੱਖੀ ਖ਼ੂਨ
ਤਾਜ਼ਾ ਹੋਏ, ਮਨੁੱਖੀ ਜ਼ਖ਼ਮਾਂ ਦੀ

ਬੋਅ ਫੈਲਣ ਲੱਗਦੀ ਹੈ

ਮਨੁੱਖੀ ਜ਼ਖ਼ਮਾਂ ਵਿੱਚ ਚੁੰਝਾਂ ਮਾਰਨ
ਮਨੁੱਖੀ ਜਿਸਮਾਂ ਦਾ ਖ਼ੂਨ ਪੀਣ
ਵਿੱਚ, ਮਦਮਸਤ ਹੋਈਆਂ-

ਗਿਰਝਾਂ, ਹੁਣ-
-ਅੱਲ੍ਹਾ-ਹੂ-ਅਕਬਰ
-ਹਰੇ ਰਾਮ, ਹਰੇ ਰਾਮ
-ਜੀਸਸ, ਜੀਸਸ
-ਵਾਹਿਗੁਰੂ, ਵਾਹਿਗੁਰੂ
ਦਾ, ਜਾਪ ਕਰਨ ਵਿੱਚ
ਲੀਨ ਹੋ ਜਾਂਦੀਆਂ ਹਨ
■

(ਮਾਲਟਨ, ਫਰਵਰੀ 24, 2022)

# ਜੰਗ

ਜੰਗ ਵਿੱਚ, ਹਮੇਸ਼ਾ
ਆਮ ਲੋਕ ਹੀ ਮਰਦੇ ਹਨ-
ਸਰਹੱਦਾਂ ਉੱਤੇ ਵੀ, ਸਰਹੱਦਾਂ ਦੇ
ਅੰਦਰਵਾਰ ਵੀ

ਨੀਰੋ, ਤਾਂ, ਬੱਸ
ਰਾਜਸਿੰਘਾਸਨ ਉੱਤੇ, ਬੈਠਾ
ਬੰਸਰੀ ਹੀ ਵਜਾਂਦਾ ਹੈ

ਜੰਗ ਦਾ, ਚਾਹੇ
ਕੋਈ ਵੀ ਬਹਾਨਾ ਬਣੇ-

ਜੰਗ, ਤਬਾਹੀ ਹੀ ਲਿਆਉਂਦੀ ਹੈ
ਜੰਗ, ਲਾਸ਼ਾਂ ਦੇ ਅੰਬਾਰ ਹੀ ਲਗਾਉਂਦੀ ਹੈ
ਜੰਗ, ਘਰਾਂ ਦੀਆਂ ਛੱਤਾਂ ਹੀ ਢਾਹੁੰਦੀ ਹੈ
ਜੰਗ, ਸਿਰਾਂ ਵਿੱਚ ਚੁੱਲ੍ਹਿਆਂ ਦੀ ਸਵਾਹ ਹੀ ਪਾਉਂਦੀ ਹੈ
ਜੰਗ, ਵੱਸਦੇ ਘਰਾਂ ਵਿੱਚ ਕੀਰਨੇ ਹੀ ਪਾਉਂਦੀ ਹੈ

ਜੰਗ-
ਹਉਮੈ ਦੀ ਹੁੰਦੀ ਹੈ
ਜੰਗ-
ਵਿਉਪਾਰਕ ਮੰਡੀਆਂ ਦੀ ਹੁੰਦੀ ਹੈ
ਜੰਗ-
ਨੇਤਾਗਿਰੀ ਦੀ ਹੁੰਦੀ ਹੈ
ਜੰਗ-
ਹਥਿਆਰਾਂ ਦੀ ਹੁੰਦੀ ਹੈ
ਜੰਗ-
ਚੌਧਰ ਦੀ ਹੁੰਦੀ ਹੈ
ਜੰਗ-
ਧੌਂਸ ਦੀ ਹੁੰਦੀ ਹੈ
ਜੰਗ-
ਵਿਚਾਰਧਾਰਾਵਾਂ ਦੀ ਹੁੰਦੀ ਹੈ
ਜੰਗ-
ਗਲਤਫਹਿਮੀਆਂ ਦੀ ਹੁੰਦੀ ਹੈ

ਜੰਗ-
ਧਰਮਾਂ ਦੀ ਹੁੰਦੀ ਹੈ
ਜੰਗ-
ਸਭਿਆਚਾਰਾਂ ਦੀ ਹੁੰਦੀ ਹੈ
ਜੰਗ-
ਬੋਲੀਆਂ ਦੀ ਹੁੰਦੀ ਹੈ

ਜਦੋਂ ਤੱਕ, ਮਨੁੱਖ ਅੰਦਰ
ਵਿਉਪਾਰਕ ਮੰਡੀਆਂ ਦੀ ਭੁੱਖ ਰਹੇਗੀ
ਜਦੋਂ ਤੱਕ, ਮਨੁੱਖ ਅੰਦਰ
ਚੌਧਰ ਦੀ ਭੁੱਖ ਰਹੇਗੀ
ਜਦੋਂ ਤੱਕ, ਮਨੁੱਖ ਅੰਦਰ
ਮੁਨਾਫ਼ੇ ਦੀ ਭੁੱਖ ਰਹੇਗੀ

ਧਰਤੀ ਦੇ ਕਿਸੀ-ਨ-ਕਿਸੀ
ਕੋਨੇ ਵਿੱਚ ਜੰਗ ਦੇ ਭਾਂਬੜ
ਬਲਦੇ ਹੀ ਰਹਿਣਗੇ

ਧਰਤੀ ਦੇ ਕਿਸੀ-ਨ-ਕਿਸੀ
ਕੋਨੇ ਵਿੱਚ ਲਾਸ਼ਾਂ ਦੇ ਅੰਬਾਰ
ਲੱਗਦੇ ਹੀ ਰਹਿਣਗੇ

ਧਰਤੀ ਦੇ, ਇਸ ਕੋਨੇ ਦਾ ਨਾਮ
ਕੋਈ ਵੀ ਹੋ ਸਕਦਾ ਹੈ-

ਤੁਸੀਂ, ਆਪਣੀ, ਸਹੂਲਤ ਲਈ
ਇਸ ਕੋਨੇ ਨੂੰ, ਚਾਹੇ
ਯੁਕਰੇਨ, ਇਰਾਕ, ਅਫਗਾਨਿਸਤਾਨ, ਵੀਅਤਨਾਮ, ਜਪਾਨ
ਜਾਂ ਲਿਬਨਾਨ, ਫਲਸਤੀਨ, ਸੀਰੀਆ ਕਹਿ ਲਵੋ

ਕੋਈ, ਫਰਕ ਨਹੀਂ ਪੈਂਦਾ
■

(ਮਾਰਚ 3, 2022, ਮਾਲਟਨ)

# ਗਾਵਾਂ, ਸੂਰਾਂ, ਕੱਟਿਆਂ, ਦੇ ਸਿਰ

ਜਿਨ੍ਹਾਂ, ਹੰਕਾਰੀਆਂ, ਦੇ
ਰਾਜਸਿੰਘਾਸਨ ਨ ਰਹੇ-

ਉਹ, ਹੁਣ, ਆਪਣੀ
ਹੋਂਦ ਜਤਲਾਉਣ ਲਈ
ਫ਼ਿਰਕੂ ਫ਼ਸਾਦਾਂ ਦਾ ਮਾਹੌਲ ਸਿਰਜ
ਗਾਵਾਂ ਦੇ ਸਿਰਾਂ ਵਿੱਚ, ਆਪਣੀਆਂ
ਭ੍ਰਿਸ਼ਟ, ਆਤਮਾਵਾਂ ਲੁਕਾ ਕੇ
ਸ਼ਹਿਰਾਂ ਵੱਲ, ਵਾਪਸ ਮੁੜਣਗੇ

ਜਿਨ੍ਹਾਂ, ਭ੍ਰਿਸ਼ਟਾਚਾਰੀਆਂ, ਦੀਆਂ
ਕਾਰਾਂ ਤੋਂ ਲਾਲ ਬੱਤੀਆਂ ਬੁਝ ਗਈਆਂ-

ਉਹ, ਹੁਣ, ਆਪਣੀ
ਹੋਂਦ ਜਤਲਾਉਣ ਲਈ
ਨਫ਼ਰਤੀ ਹਵਾ ਦੀ ਸੁਨਾਮੀ ਬਣ
ਸੂਰਾਂ ਦੇ ਜਿਸਮਾਂ ਵਿੱਚ, ਆਪਣੀ
ਹਉਮੈ, ਘੁਮੰਡ, ਛੁਪਾ ਕੇ
ਪਿੰਡਾਂ ਵੱਲ, ਵਾਪਸ ਮੁੜਣਗੇ

ਜਿਨ੍ਹਾਂ, ਠੱਗਾਂ, ਲੁਟੇਰਿਆਂ, ਦੀਆਂ
ਭਾਰੀ ਸੁਰੱਖਿਆ ਗਾਰਦਾਂ ਖੁੱਸ ਗਈਆਂ-

ਉਹ, ਹੁਣ, ਆਪਣੀ
ਹੋਂਦ ਜਤਲਾਉਣ ਲਈ
ਧਰਮੀ ਦਹਿਸ਼ਤ ਦੀ ਅੱਗ ਭੜਕਾਅ
ਕੱਟਿਆਂ, ਵੱਛੀਆਂ, ਦੀ ਕੁਰਬਾਨੀ ਵਿੱਚ
ਆਪਣੀਆਂ, ਰਾਜਸੀ, ਲਾਲਸਾਵਾਂ ਛੁਪਾ ਕੇ
ਬਾਜ਼ਾਰਾਂ, ਚੌਰਸਤਿਆਂ, ਵੱਲ, ਵਾਪਸ ਮੁੜਣਗੇ

ਇਨ੍ਹਾਂ, ਲਾਲਚੀ, ਬੇਸੁਰੇ, ਘੁਮੰਡੀ, ਹਉਮੈ ਭਰੇ
ਲੋਕਾਂ ਦੀਆਂ, ਅੰਤਰੀਵ ਇਛਾਵਾਂ ਨੂੰ ਸਮਝੋ

ਇਨ੍ਹਾਂ, ਮਤਲਬਪ੍ਰਸਤ, ਖ਼ੁਦਗ਼ਰਜ਼, ਰਾਜਨੀਤਕ ਗੈਂਗਸਟਰ, ਚਾਲਬਾਜ਼

ਲੋਕਾਂ ਦੀਆਂ, ਚਾਲਾਂ ਨੂੰ ਦੇਖੋ

ਹੁਣ, ਮੌਸਮ
ਅੱਖਾਂ ਖੋਹਲਣ ਦਾ ਹੈ-

ਹੁਣ, ਮੌਸਮ
ਕੰਨਾਂ ਨਾਲ ਸੁਨਣ ਦਾ ਹੈ-

ਹੁਣ, ਮੌਸਮ
ਜ਼ੁਬਾਨ ਨਾਲ ਬੋਲਣ ਦਾ ਹੈ-

ਹੁਣ, ਮੌਸਮ
ਗਾਵਾਂ, ਸੂਰਾਂ, ਕੱਟਿਆਂ, ਦੇ
ਜਿਸਮਾਂ ਵਿੱਚ, ਲੁਕ, ਛਿਪ, ਕੇ
ਤੁਹਾਡੇ, ਚੌਗਿਰਦੇ 'ਚ ਪੱਸਰੀਆਂ
ਭ੍ਰਿਸ਼ਟ, ਮਨੁੱਖੀ, ਆਤਮਾਵਾਂ ਨੂੰ
ਪਹਿਚਾਨਣ ਦਾ ਹੈ-

ਹੁਣ, ਮੌਸਮ
ਉਨ੍ਹਾਂ, ਭ੍ਰਿਸ਼ਟ, ਮਨੁੱਖੀ, ਆਤਮਾਵਾਂ ਦੇ
ਖਤਰਨਾਕ, ਇਰਾਦਿਆਂ ਨੂੰ
ਜਾਨਣ ਦਾ ਹੈ
■

(ਮਾਲਟਨ, ਮਾਰਚ 13, 2022)

# ਸਿਰੋਪਾ

ਕਵੀ, ਜੇਕਰ
ਨਿੱਤ, ਪਿੰਡ, ਪਿੰਡ, ਸ਼ਹਿਰ, ਸ਼ਹਿਰ
ਸਿਰੋਪਾ ਲੈਣ ਲਈ
ਕਵਿਤਾ ਲਿਖੇਗਾ–

ਤਾਂ, ਉਸਦੀ, ਕਵਿਤਾ
ਝੂਠ ਬੋਲੇਗੀ :
–ਅੱਖਾਂ ਬੰਦ
–ਕੰਨ ਬੰਦ
–ਮੂੰਹ ਬੰਦ
ਰੱਖਣ ਦਾ ਹੀ
ਢੰਡੋਰਾ ਦੇਵੇਗੀ

ਕਵੀ–
ਸਿਰੋਪਾ ਲੈਣ ਖਾਤਿਰ
ਥਾਂ, ਥਾਂ, ਕਿਸੇ
ਪਾਲਤੂ, ਜਾਨਵਰ, ਵਾਂਗੂੰ, ਹੀ
–ਪੂਛ ਹਿਲਾਵੇਗਾ
–ਹਕੂਮਤ ਦੇ ਸੋਹਲੇ ਗਾਵੇਗਾ
–ਧਰਮੀ ਮੱਠਧਾਰੀਆਂ ਅੱਗੇ ਗਿੜਗਿੜਾਵੇਗਾ
–ਸਾਹਿਤਕ ਗੈਂਗਸਟਰਾਂ ਦੀ ਹਾਂ 'ਚ ਹਾਂ ਮਿਲਾਵੇਗਾ
–ਸਾਹਿਤ ਅਕੈਡਮੀਆਂ ਦੇ ਅਹੁਦਿਆਂ ਖਾਤਰ
ਦਾਰੂ ਦੀ ਛਬੀਲ ਲਗਾਵੇਗਾ

ਕਵੀ–
ਸਿਰੋਪਾ ਰੂਪੀ ਕੱਪੜੇ ਦੇ
ਇੱਕ ਟੁੱਕੜੇ ਖਾਤਿਰ
–ਆਪਣੀ, ਜਮੀਰ ਵੇਚੇਗਾ
–ਬਦਬੂ ਮਾਰਦੀਆਂ, ਲੀਰਾਂ ਦੀ ਖਿੱਦੋ ਬਣੇਗਾ
–ਸਾਹਿਤਕ ਮਹਿਫ਼ਲਾਂ 'ਚ, ਹਾਸੇ ਠੱਠੇ ਦਾ ਵਿਸ਼ਾ ਬਣੇਗਾ
–ਸਾਹਿਤ ਸਭਾਵਾਂ 'ਚ, ਸਿਰ ਨੀਵਾਂ ਕਰਕੇ ਤੁਰੇਗਾ

ਫਿਰ–
ਇੱਕ ਦਿਨ, ਸਿਰੋਪਾ ਹੀ

ਉਸ ਲਈ, ਗਲ ਦੀ
ਫਾਹੀ ਬਣ ਜਾਵੇਗਾ
■

(ਅਗਸਤ 3, 2022, ਮਾਲਟਨ)

# ਬਾਪੂ ਦੇ ਚਾਰ ਬਾਂਦਰ

ਜ਼ੁਬਾਨ ਹੈ, ਤਾਂ
ਬੋਲੋ-
ਦਿਮਾਗ਼ ਹੈ, ਤਾਂ
ਸੋਚੋ-
ਕੰਨ ਹਨ, ਤਾਂ
ਸੁਣੋ-
ਅੱਖਾਂ ਹਨ, ਤਾਂ
ਦੇਖੋ-

ਪਰ, ਸਾਡੀ, ਤਾਂ, ਇਹੀ
ਤ੍ਰਾਸਦੀ ਹੈ, ਅਸੀਂ, ਆਪਣੇ
ਅੰਗਾਂ ਦੀ ਵਰਤੋਂ ਹੀ
ਨਹੀਂ ਕਰਦੇ

ਅਤੇ, ਫਿਰ
ਹਾਦਸਾ-ਦਰ-ਹਾਦਸਾ
ਵਾਪਰਦਾ ਜਾਂਦਾ ਹੈ

ਲੋਕ, ਅਕਸਰ
ਆਖਦੇ ਹਨ-

ਕੀ, ਤੁਹਾਨੂੰ
ਸੁਣਦਾ ਨਹੀਂ-
ਕੀ, ਤੁਹਾਨੂੰ
ਦਿਖਦਾ ਨਹੀਂ-
ਕੀ, ਤੁਸੀਂ
ਬੋਲ ਨਹੀਂ ਸਕਦੇ
ਕੀ, ਤੁਸੀਂ
ਸੋਚ ਨਹੀਂ ਸਕਦੇ-

ਪਰ, ਅਸੀਂ, ਆਪਣੀ
ਧੌਂਸ ਦਿਖਾਉਣ ਲਈ-

ਭੂਸਰੇ ਹੋਏ, ਸਾਹਨ ਵਾਂਗ

ਖੌਰੂ ਪਾਉਣ ਲੱਗਦੇ ਹਾਂ
ਦੂਸਰੇ ਦੀ ਜ਼ਿੰਦਗੀ ਵਿੱਚ
ਖਲਲ ਪਾਉਣ ਲੱਗਦੇ ਹਾਂ

ਆਪਣੀ, ਦਲੇਰੀ ਦਿਖਾਉਣ ਲਈ
ਅਸੀਂ, ਗੈਂਗਸਟਰਾਂ ਨੂੰ
ਨਾਇਕ ਕਹਿਣ ਲੱਗਦੇ ਹਾਂ

ਆਪਣੀ, ਬੁਜ਼ਦਿਲੀ ਦਿਖਾਉਣ ਲਈ
ਅਸੀਂ, ਨਾਇਕਾਂ ਨੂੰ
ਅੱਤਵਾਦੀ ਕਹਿਣ ਲੱਗਦੇ ਹਾਂ

ਆਪਣੀ, ਕਮਜ਼ੋਰੀ ਦਿਖਾਉਣ ਲਈ
ਅਸੀਂ, ਯੋਧਿਆਂ ਨੂੰ
ਰੋਲਣ ਲੱਗਦੇ ਹਾਂ

ਦਰਅਸਲ, ਇਸ ਪਲ
ਅਸੀਂ, ਹੋਰ ਕੁਝ ਨਹੀਂ
ਬਲਕਿ, ਬਾਪੂ ਦੇ, ਚਾਰ ਬਾਂਦਰ
ਦਿਖਣ ਲੱਗਦੇ ਹਾਂ-

-ਜੋ, ਨ ਦੇਖ ਸਕਦੇ ਹਨ
-ਜੋ, ਨ ਸੁਣ ਸਕਦੇ ਹਨ
-ਜੋ, ਨ ਬੋਲ ਸਕਦੇ ਹਨ
-ਜੋ, ਨ ਸੋਚ ਸਕਦੇ ਹਨ
■

(ਮਾਲਟਨ, ਜੁਲਾਈ 15, 2022)

# ਕੁੱਤੇ ਦੀ ਪੂਛ ਵਾਲਾ ਝੁਰਲੂ

ਸ਼ਹਿਰ ਵਿੱਚ, ਇਹ ਖਬਰ
ਜੰਗਲ ਦੀ ਅੱਗ ਵਾਂਗ
ਫੈਲ ਗਈ ਸੀ–

ਇੱਕ, ਕਰਾਮਾਤੀ ਬਾਬਾ
ਸ਼ਹਿਰ ਵਿੱਚ, ਧੂਣੀ ਧੁਖਾਈ
ਕੁੱਤੇ ਦੀ ਪੂਛ ਵਾਲਾ ਝੁਰਲੂ
ਜਿਸ ਕਿਸੀ ਵੀ, ਦੁਖੀ ਆਤਮਾ ਦੇ
ਸਿਰ ਉੱਤੇ ਫੇਰ ਦੇਵੇ
ਉਸ, ਵਿਅਕਤੀ, ਦੀਆਂ, ਸਭ
ਮਨੋਕਾਮਨਾਵਾਂ ਪੂਰੀਆਂ
ਹੋ ਜਾਂਦੀਆਂ ਹਨ

ਦੇਖਦੇ ਹੀ ਦੇਖਦੇ
ਗਾਇਕਾਂ, ਕਵੀਆਂ, ਲੇਖਕਾਂ, ਬੁੱਧੀਜੀਵੀਆਂ, ਦੀ
ਇੱਕ, ਲੰਬੀ, ਕਤਾਰ ਲੱਗ ਗਈ

ਦੁਖੀ ਆਤਮਾਵਾਂ, ਠੱਗ ਬਾਬੇ ਦੇ ਪੈਰ
ਆਪਣੀਆਂ, ਜੀਭਾਂ ਨਾਲ ਚੱਟਦੀਆਂ
ਆਪਣੇ, ਸਿਰ ਬਾਬੇ ਦੇ
ਪੈਰਾਂ ਉੱਤੇ ਘਸਾਂਦੀਆਂ

ਖਚਰੀ ਮੁਸਕਰਾਹਟ ਨਾਲ, ਬਾਬਾ
ਕੁੱਤੇ ਦੀ ਪੂਛ ਵਾਲਾ ਝੁਰਲੂ
ਉਨਾਂ, ਦੁਖੀ ਆਤਮਾਵਾਂ ਦੇ
ਸਿਰਾਂ ਉੱਤੇ ਫੇਰਦਾ–

ਗਾਇਕ, ਤਰੰਨਮ ਵਿੱਚ ਆ ਕੇ
ਅਲਾਪ ਛੇੜਦੇ :
'ਕੁੱਤੇ ਦੀ ਪੂਛ ਵਾਲਾ ਝੁਰਲੂ
ਜ਼ਿੰਦਾਬਾਦ!'
ਕਵੀ, ਜੋਸ਼ ਵਿੱਚ ਆ ਕੇ
ਬੋਲਣ ਲੱਗਦੇ :
'ਕੁੱਤੇ ਦੀ ਪੂਛ ਵਾਲੇ ਝੁਰਲੂ ਦਾ ਇਨਕਲਾਬ

ਜ਼ਿੰਦਾਬਾਦ!'
ਬੁੱਧੀਜੀਵੀ, ਸਹਿਜ ਅਵਸਥਾ 'ਚ ਆ
ਬਚਨਬਿਲਾਸ ਕਰਦੇ :
'ਕੁੱਤੇ ਦੀ ਪੂਛ ਵਾਲੇ ਝੁਰਲੂ ਦਾ ਪੈਰਾਡਾਈਮ
ਜ਼ਿੰਦਾਬਾਦ!'

ਹੌਲੀ, ਹੌਲੀ
ਸ਼ਹਿਰ ਵਿੱਚ, ਹਰ ਕੋਈ
ਕੁੱਤੇ ਦੀ ਪੂਛ ਵਾਲੇ ਝੁਰਲੂ ਦੀ
ਮਹਿਮਾ ਕਰਨ ਵਿੱਚ
ਲੀਨ ਹੋ ਜਾਂਦਾ

ਇੰਝ, ਜਾਪਣ ਲੱਗਦਾ
ਜਿਵੇਂ-
ਅਖਬਾਰਾਂ, ਰੇਡੀਓ, ਟੀਵੀ, ਇੰਟਰਨੈੱਟ
ਹਰ ਜਗਾਹ ਹੀ, ਹੁਣ
ਕੁੱਤੇ ਦੀ ਪੂਛ ਵਾਲੇ ਝੁਰਲੂ ਦਾ
ਹੀ, ਰਾਜ ਹੋਵੇ
■

(ਮਾਲਟਨ, ਅਗਸਤ 29, 2022)

# ਊਧਮ ਸਿੰਘ

ਇਤਿਹਾਸ ਦੇ ਝਰੋਖੇ 'ਚੋਂ
ਦੇਖਦਿਆਂ, ਚਮਕ ਰਹੇ, ਸੂਰਜ ਵਾਂਗ
ਦਿਖਦਾ ਹੈ, ਤੇਰਾ ਚਿਹਰਾ-

ਮਾਈਕਲ ਓਡਵਾਇਰ ਸਾਹਮਣੇ
ਹੱਥਾਂ ਵਿੱਚ, ਲਿਸ਼ਕਦਾ
ਪਿਸਤੌਲ ਫੜੀ, ਦਹਾੜਦਾ ਹੋਇਆ

ਓਹੀ, ਮਾਈਕਲ ਓਡਵਾਇਰ, ਜਿਸਦੇ ਹੁਕਮ ਨਾਲ ਹੀ
ਹਿੰਦੁਸਤਾਨ ਦੇ ਸੈਂਕੜੇ, ਬੇਗੁਨਾਹ, ਮਾਸੂਮ, ਲੋਕਾਂ ਉੱਤੇ
ਅੰਧਾ-ਧੁੰਦ, ਗੋਲੀਆਂ ਦੀ ਬਰਖਾ ਕਰ
ਜਲਿਆਂਵਾਲੇ ਬਾਗ ਵਿੱਚ, ਜਨਰਲ ਡਾਇਰ ਨੇ
ਲਾਸ਼ਾਂ ਦਾ ਢੇਰ ਲਗਾ ਦਿੱਤਾ ਸੀ

ਊਧਮ ਸਿੰਘ, ਜਿਸਨੇ-
ਮਹਾਤਮਾ ਗਾਂਧੀ ਦੀ, ਬੱਕਰੀ ਵਾਂਗ
ਮਿਣ, ਮਿਣ, ਕਰਨਾ ਨਹੀਂ ਸਿੱਖਿਆ ਸੀ
ਊਧਮ ਸਿੰਘ, ਜਿਸਨੇ-
ਗਾਂਧੀ ਦੇ, ਤਿੰਨ ਬਾਂਦਰਾਂ ਤੋਂ ਵੀ
ਕੋਈ ਗੁਣ ਗ੍ਰਹਿਣ ਨਹੀਂ ਕੀਤੇ ਸਨ
ਊਧਮ ਸਿੰਘ, ਜਿਸਨੇ-
ਨ ਹੀ, ਕਿਸੇ ਹਤਿਆਰੇ ਦਾ, ਝੋਲੀ ਚੁੱਕ ਬਣ
ਧਰਮੀ ਮੱਠ ਉੱਤੇ ਖੜ੍ਹੋ, ਕਿਸੇ, ਹਤਿਆਰੇ ਦੇ
ਗਲ ਵਿੱਚ, ਸਿਰੋਪਾ ਹਾਰ ਹੀ ਪਾਉਣਾ ਸੀ

ਉਹ, ਤਾਂ, ਸਰਾਭੇ, ਭਗਤ, ਸ਼ੇਖਰ, ਦਾ ਹਾਣੀ ਸੀ
ਉਹ, ਤਾਂ, ਮਦਨ ਢੀਂਗਰਾ, ਦੁਰਗਾ ਭਾਬੀ, ਦੀ ਬੋਲੀ ਬੋਲਦਾ ਸੀ

ਉਹ, ਕਿੰਝ ਸਹਿਣ ਕਰ ਸਕਦਾ ਸੀ-
ਕੋਈ, ਹਤਿਆਰਾ, ਬੇਗੁਨਾਹਾਂ, ਮਾਸੂਮਾਂ, ਨੂੰ
ਕੀੜੇ, ਮਕੌੜਿਆਂ, ਵਾਂਗ ਪੈਰਾਂ ਹੇਠ ਮਸਲ ਕੇ
ਲੰਡਨ ਦੀਆਂ ਗਲੀਆਂ 'ਚ ਤਾਂਡਵ ਨਾਚ ਕਰਦਾ ਫਿਰੇ

ਖਚਾਖਚ ਭਰੇ, ਕੈਕਸਟਨ ਹਾਲ ਵਿੱਚ

ਪੂਰੀ ਸ਼ਾਨੋ-ਸ਼ੌਕਤ ਨਾਲ, ਖੜ੍ਹੇ ਹੋ
ਊਧਮ ਸਿੰਘ ਨੇ, ਬੰਦ ਹੋਠਾਂ ਨਾਲ ਹੀ
ਨਾਹਰਾ ਲਗਾਇਆ :
'ਇਨਕਲਾਬ
ਜ਼ਿੰਦਾਬਾਦ !'

ਦੂਜੇ ਹੀ ਪਲ, ਉਸਦੀ
ਪਿਸਤੌਲ 'ਚੋਂ, ਸ਼ਾਂ ਸ਼ਾਂ ਕਰਦੀ
ਗੋਲੀਆਂ ਦੀ ਬੁਛਾੜ ਨੇ
ਮਾਈਕਲ ਓਡਵਾਇਰ ਦੀ ਛਾਤੀ
ਛਾਨਣੀ, ਛਾਨਣੀ, ਕਰ ਦਿੱਤੀ
ਹਤਿਆਰੇ ਦਾ, ਕੋਈ, ਝੋਲੀ ਚੁੱਕ
ਉਸ ਪਲ, ਆਪਣੀ, ਧੋਤੀ ਸਮੇਟਦਾ
ਊਧਮ ਸਿੰਘ ਨੂੰ, ਸਿਰ ਫਿਰਿਆ ਕਹੇ
ਪਾਗਲ ਕਹੇ ਜਾਂ ਜਨੂੰਨੀ ਕਹੇ-

ਉਸਨੂੰ, ਇਸ ਨਾਲ, ਕੋਈ ਫਰਕ ਨਹੀਂ ਪੈਂਦਾ
ਉਸਨੇ, ਤਾਂ, ਆਪਣੀ, ਜ਼ਿੰਦਗੀ ਦਾ
ਲਖਸ਼ ਪ੍ਰਾਪਤ ਕਰ ਲਿਆ ਸੀ
ਉਸਨੇ, ਤਾਂ, ਆਪਣੇ, ਸੁਪਣੇ ਨੂੰ
ਹਕੀਕਤ ਵਿੱਚ ਬਦਲਦਿਆਂ, ਆਪਣੀਆਂ ਹੀ
ਅੱਖਾਂ ਨਾਲ ਵੇਖ ਲਿਆ ਸੀ :
ਇੱਕ, ਲੋਕ-ਹਤਿਆਰੇ ਦੀ ਧੌਣ ਉੱਤੇ
ਆਪਣਾ, ਗੋਡਾ ਰੱਖ ਦਿੱਤਾ ਸੀ
ਆਪਣੀ, ਜਨਮ-ਭੂਮੀ ਨਾਲ ਕੀਤਾ
ਆਪਣਾ, ਵਾਹਦਾ ਪੁਗਾ ਦਿੱਤਾ ਸੀ
■

(ਮਾਲਟਨ, ਅਗਸਤ 1, 2022)

# ਭਗਤ ਸਿੰਘ

ਤੇਰਾ ਨਾਮ
ਅਜਾਇਬ ਘਰਾਂ ਦੀਆਂ ਕੰਧਾਂ ਦਾ
ਗੁਲਾਮ ਨਹੀਂ-

ਉਹ, ਤਾਂ, ਗੂੜ੍ਹੇ ਰੰਗਾਂ ਨਾਲ
ਲਿਖਿਆ ਹੋਇਆ ਹੈ, ਲੋਕਾਂ ਦੇ
ਦਿਲਾਂ, ਦਿਮਾਗ਼ਾਂ, ਵਿੱਚ

ਭਗਤ ਸਿੰਘ, ਤੇਰਾ ਨਾਮ
ਤਾਂ, ਦੌੜਦਾ ਹੈ, ਖ਼ੂਨ ਵਾਂਗੂੰ
ਲੋਕਾਂ ਦੀਆਂ, ਰਗਾਂ ਵਿੱਚ

ਤੇਰਾ ਨਾਮ, ਤਾਂ, ਆਜ਼ਾਦੀ ਦੇ, ਪਰਚਮ ਵਾਂਗ
ਲਹਿਰਾਉਂਦਾ ਹੈ, ਲੋਕਾਂ ਦੀ
ਚੇਤਨਾ ਵਿੱਚ

ਤੇਰਾ ਨਾਮ, ਤਾਂ, ਹਵਾ ਦੇ, ਖੁਸ਼ਗਵਾਰ, ਬੁੱਲੇ ਵਾਂਗ
ਆਉਂਦਾ ਹੈ, ਮੁਸੀਬਤਾਂ ਦੇ ਮਾਰੇ, ਲੋਕਾਂ ਦੀ
ਜ਼ਿੰਦਗੀ ਵਿੱਚ

ਤੇਰਾ ਨਾਮ, ਤਾਂ, ਹਵਾ ਵਿੱਚ, ਤਨੇ ਹੋਏ, ਮੁੱਕੇ ਵਾਂਗ
ਆਉਂਦਾ ਹੈ, ਹੰਕਾਰੀ, ਤਾਨਾਸ਼ਾਹਾਂ ਵਿਰੁੱਧ ਉੱਠ ਰਹੇ ਵਿਦਰੋਹੀ
ਰੋਸ ਮੁਜਾਹਰਿਆਂ ਵਿੱਚ

ਕਿੰਨੇ ਅਨਜਾਣ ਨੇ, ਉਹ, ਲੋਕ
ਜੋ, ਸੋਚਦੇ ਹਨ-

ਧਾਰਮਿਕ, ਬੋਲ-ਕਬੋਲ ਖੁਰਚ ਦੇਣਗੇ
ਤੇਰਾ ਨਾਮ, ਲੋਕਾਂ ਦੀ
ਚੇਤਨਾ 'ਚੋਂ

'ਇਨਕਲਾਬ, ਜ਼ਿੰਦਾਬਾਦ', ਕਹਿ
ਫਾਂਸੀ ਦੇ ਤਖਤੇ 'ਤੇ ਝੂਲਦਿਆਂ
ਲਹੂ ਨਾਲ ਲਿਖਿਆ ਗਿਆ ਹੈ

ਤੇਰਾ ਨਾਮ, ਇਤਿਹਾਸ ਦੇ ਪੰਨੇ ਉੱਤੇ-

ਬੌਣੀ ਸੋਚ ਵਿੱਚੋਂ ਨਿਕਲੇ
ਬੋਲਾਂ-ਕਬੋਲਾਂ ਦੇ, ਸ਼ਾਬਦਿਕ, ਝੱਖੜਾਂ ਨਾਲ
ਅਜਿਹੇ ਨਾਮ, ਕਦੀ
ਇਤਿਹਾਸ ਦੇ ਪੰਨਿਆਂ ਤੋਂ
ਮਿਟਿਆ ਨਹੀਂ ਕਰਦੇ

ਭਾਵੇਂ, ਇਹ ਝੱਖੜ
ਆਪਣੀਆਂ, ਨਫ਼ਰਤੀ, ਕੋਸ਼ਿਸ਼ਾਂ
ਲੱਖ ਵਾਰ ਵੀ, ਕਰ ਵੇਖਣ
■

(ਮਾਲਟਨ, ਜੁਲਾਈ 26, 2022)

# ਗੱਤੇ ਦੀਆਂ ਤਲਵਾਰਾਂ

ਗੱਤੇ ਦੀਆਂ ਤਲਵਾਰਾਂ
ਜੋ, ਨਿੱਤ, ਸ਼ਹਿਰ 'ਚ
ਦਹਿਸ਼ਤ ਫੈਲਾਂਦੀਆਂ ਸਨ

ਜੋ, ਨਿੱਤ, ਨੱਕਾਂ 'ਚੋਂ
ਠੂੰਹੇਂ ਡੇਗਦੀਆਂ ਸਨ

ਉਹ, ਬਹੁਕਰ ਨੇ-
ਇੱਕੋ ਵਾਰ 'ਚ ਹੀ, ਹੂੰਝ ਕੇ
ਕੂੜੇਦਾਨਾਂ ਵਿੱਚ
ਸੁੱਟ ਦਿੱਤੀਆਂ

ਉਹ, ਸਭ, ਖੱਬੀਖ਼ਾਨ
ਜੋ, ਆਪਣੇ, ਆਪ ਨੂੰ
ਰਾਜਨੀਤੀ ਦੇ, ਥੰਮ੍ਹ
ਅਖਵਾਂਦੇ ਸਨ, ਉਹ, ਸਭ
ਬਹੁਕਰ ਦੇ ਇੱਕੋ ਹੂੰਝੇ ਨਾਲ
ਕੂੜੇਦਾਨਾਂ ਦਾ, ਹੁਣ
ਸ਼ਿੰਗਾਰ ਬਣੇ ਬੈਠੇ

ਗੱਤੇ ਦੀਆਂ ਤਲਵਾਰਾਂ ਨਾਲ
ਤੁਸੀਂ, ਕਦ ਤੱਕ, ਪਿੰਡ, ਪਿੰਡ, ਸ਼ਹਿਰ, ਸ਼ਹਿਰ
ਦਹਿਸ਼ਤ ਫ਼ੈਲਾਓਗੇ

ਗੱਤੇ ਦੀਆਂ ਤਲਵਾਰਾਂ ਨਾਲ
ਤੁਸੀਂ, ਕਦ ਤੱਕ, ਜਨਤਾ ਵਿੱਚ
ਭਰਮ-ਭੁਲੇਖੇ ਪਾਓਗੇ

ਗੱਤੇ ਦੀਆਂ ਤਲਵਾਰਾਂ ਨਾਲ
ਤੁਸੀਂ, ਕਦ ਤੱਕ, ਆਪਣਿਆਂ
ਮੱਥਿਆਂ ਉੱਤੇ, ਕੌਮੀ ਸ਼ਹੀਦ ਹੋਣ ਦੇ
ਕਾਗ਼ਜ਼ੀ, ਮੁਕਟ ਸਜਾਓਗੇ

ਗੱਤੇ ਦੀਆਂ ਤਲਵਾਰਾਂ ਨਾਲ

ਤੁਸੀਂ, ਕਦ ਤੱਕ, ਆਪਣੀ, ਫੋਕੀ
ਹਿੰਮਤ ਦੇ, ਸੁਹਲੇ ਗਾਓਗੇ

ਗੱਤੇ ਦੀਆਂ ਤਲਵਾਰਾਂ ਨਾਲ
ਤੁਸੀਂ, ਰਾਜਨੀਤੀ ਦੇ, ਮੰਚ ਉੱਤੇ
ਪਲ, ਛਿਣ, ਲਈ ਨਾਟਕ
ਤਾਂ, ਕਰ ਸਕਦੇ ਹੋ

ਗੱਤੇ ਦੀਆਂ ਤਲਵਾਰਾਂ ਨਾਲ
ਵਿਚਾਰਧਾਰਾਵਾਂ ਦੇ ਯੁੱਧ ਵਿੱਚ
ਚੰਗਿਆੜੇ ਨਿਕਲ ਨਹੀਂ ਸਕਦੇ

ਗੱਤੇ ਦੀਆਂ ਤਲਵਾਰਾਂ ਨਾਲ
ਸੰਕਲਪ ਹਕੀਕਤ ਵਿੱਚ
ਢਾਲੇ ਨਹੀਂ ਜਾ ਸਕਦੇ

ਗੱਤੇ ਦੀਆਂ ਤਲਵਾਰਾਂ ਨਾਲ
ਸੱਚੀ, ਸੁੱਚੀ, ਜ਼ਿੰਦਗੀ
ਜਿਉਂਈ ਨਹੀਂ ਜਾ ਸਕਦੀ-

ਨ, ਤਨ ਦੀ ਹੀ
ਨ, ਮਨ ਦੀ ਹੀ
■

(ਮਾਲਟਨ, ਮਾਰਚ 11, 2022)

# ਬੁੱਤਾਂ ਦੀ ਰਾਜਨੀਤੀ

ਚਲੋ, ਯਾਰੋ!
ਹੁਣ, ਸੜਕਾਂ, ਬਾਜ਼ਾਰਾਂ, ਚੌਰਸਤਿਆਂ, 'ਚ
ਬੁੱਤਾਂ ਨੂੰ ਸਜਾਈਏ-

ਜਿਉਂਦੇ ਬੰਦੇ, ਤਾਂ
ਮੁੱਕ ਗਏ ਹਨ
ਜਿਉਂਦੇ ਬੰਦਿਆਂ ਦੇ, ਤਾਂ
ਸਾਹ ਸੁੱਕ ਗਏ ਹਨ
ਜਿਉਂਦੇ ਬੰਦਿਆਂ ਦੀਆਂ ਜੀਭਾਂ, ਤਾਂ
ਉਨ੍ਹਾਂ ਦੇ, ਆਕਾ ਟੁੱਕ ਗਏ ਹਨ
ਜਿਉਂਦੇ ਬੰਦਿਆਂ ਦੇ, ਤਾਂ
ਸਭ, ਚਾਅ, ਮਲ੍ਹਾਰ, ਮੁੱਕ ਗਏ ਹਨ

ਹੁਣ, ਬੁੱਤ ਹੀ, ਤਾਂ
ਸਾਡੀ, ਨੁਮਾਇੰਦਗੀ ਕਰਨਗੇ
ਹੁਣ, ਬੁੱਤ ਹੀ, ਤਾਂ
ਸਾਡੇ, ਹੋਣ, ਨ ਹੋਣ, ਦੀ ਗਵਾਹੀ ਭਰਨਗੇ
ਹੁਣ, ਬੁੱਤ ਹੀ, ਤਾਂ
ਸਾਡੀ, ਨਮੋਸ਼ੀ ਜਰਨਗੇ
ਹੁਣ, ਬੁੱਤ ਹੀ, ਤਾਂ
ਸਾਡੇ, ਹੰਝੂਆਂ, ਹੌਕਿਆਂ, ਦਾ ਸਾਹਮਣਾ ਕਰਨਗੇ

ਹੁਣ, ਬੁੱਤ ਹੀ, ਤਾਂ
ਰਹਿ ਗਏ ਹਨ, ਪ੍ਰਦੂਸ਼ਿਤ ਦਰਿਆਵਾਂ ਦੀ
ਬਾਤ ਕਹਿਣ ਲਈ
ਹੁਣ, ਬੁੱਤ ਹੀ, ਤਾਂ
ਰਹਿ ਗਏ ਹਨ, ਮਰਦੀ ਜਾਂਦੀ ਮਾਂ ਬੋਲੀ ਦੇ
ਮੂੰਹ 'ਚ ਪਾਣੀ ਪਾਉਣ ਲਈ
ਹੁਣ, ਬੁੱਤ ਹੀ, ਤਾਂ
ਰਹਿ ਗਏ ਹਨ, ਵਿਸਰ ਗਏ, ਵਿਰਸੇ ਨੂੰ
ਜਿਉਂਦਾ ਕਰਨ ਲਈ
ਹੁਣ, ਬੁੱਤ ਹੀ ਤਾਂ
ਰਹਿ ਗਏ ਹਨ, ਸਭਿਆਚਾਰਕ, ਰੰਗਾਂ ਦੀ
ਸਤਰੰਗੀ ਪੀਂਘ ਪਾਉਣ ਲਈ

ਹੁਣ, ਬੁੱਤ ਹੀ, ਤਾਂ
ਰਹਿ ਗਏ ਹਨ, ਪੰਜ, ਦਰਿਆਵਾਂ ਦੇ
ਸੁਪਣੇ ਸਜਾਉਣ ਲਈ
ਹੁਣ, ਬੁੱਤ ਹੀ, ਤਾਂ
ਰਹਿ ਗਏ ਹਨ, ਇਤਿਹਾਸ ਦੀਆਂ ਯਾਂਦਾਂ ਦੀ
ਚੇਤਨਾ ਰੁਸ਼ਨਾਉਣ ਲਈ

ਏਸ ਤੋਂ ਪਹਿਲਾਂ
ਅਸੀਂ, ਹੋਂਦ, ਨ ਹੋਂਦ, ਦੀ
ਕਸ਼ਮਕਸ਼ ਵਿੱਚ, ਤ੍ਰੈਸ਼ੰਕੂ ਦੇ ਵਾਂਗ
ਲਟਕ ਜਾਈਏ

ਏਸ ਤੋਂ ਪਹਿਲਾਂ
ਅਸੀਂ, ਵੀ, ਸਾਹਹੀਨ, ਜ਼ੁਬਾਂ ਰਹਿਤ
ਨਿਰੇ, ਬੁੱਤ ਬਣ ਜਾਈਏ

ਚਲੋ, ਯਾਰੋ!
ਸੜਕਾਂ, ਬਾਜ਼ਾਰਾਂ, ਚੌਰਸਤਿਆਂ, 'ਚ
ਤੁਰਦੇ, ਫਿਰਦੇ, ਬੁੱਤਾਂ ਨੂੰ
ਕੁੰਭਕਰਨੀ, ਨੀਂਦ 'ਚੋਂ ਜਗਾਈਏ-

ਜ਼ੁਬਾਂ ਰਹਿਤ, ਸਾਹਹੀਣ, ਦਿਸ਼ਾਹੀਣ, ਲੋਕਾਂ ਨੂੰ
ਆਪਣੇ ਨਾਲ ਲੈ ਕੇ, ਜ਼ਿੰਦਗੀ ਦਾ
ਕੋਈ, ਹੁਸੀਨ, ਗੀਤ
ਗੁਣਗੁਣਾਈਏ
■

(ਮਾਲਟਨ, ਮਾਰਚ 22, 2022)

# ਜੰਗ, ਕੋਈ ਤਮਾਸ਼ਾ ਨਹੀਂ ਹੁੰਦਾ

ਯੁੱਧ-ਭੂਮੀ ਵਿੱਚ
ਫੌਜਾਂ ਵਿਚਾਲੇ, ਘਿਰੇ ਹੋਏ
ਭੁੱਖੇ, ਪਿਆਸੇ, ਨੌਜਵਾਨ
ਚੀਖ ਰਹੇ ਸਨ-

ਗੋਲੀ ਇਧਰੋਂ ਚੱਲੇ
ਜਾਂ ਦੁਸ਼ਮਣ ਦੀਆਂ ਫੌਜਾਂ ਵੱਲੋਂ
ਕਤਲ, ਤਾਂ, ਸਾਡਾ ਹੀ ਹੋਣਾ ਹੈ
ਬੰਬ ਧਮਾਕਿਆਂ ਨਾਲ, ਘਰਾਂ ਦੀਆਂ
ਛੱਤਾਂ, ਤਾਂ, ਸਾਡਿਆਂ ਹੀ
ਸਿਰਾਂ ਉੱਤੇ ਡਿੱਗਣੀਆਂ ਹਨ

ਪਰ, ਹਕੂਮਤ ਦੇ ਨਸ਼ੇ ਵਿੱਚ
ਨੇਤਾ ਜੀ, ਅਜੇ ਵੀ, ਦਮਗਜੇ ਮਾਰ ਰਹੇ ਸਨ-

ਦੇਸ਼ਵਾਸੀਆਂ ਦੀ ਸੁਰੱਖਿਆ ਲਈ
ਹਕੂਮਤ, ਹਰ ਸੰਭਵ
ਯਤਨ ਕਰ ਰਹੀ ਹੈ

ਸਰਕਾਰੀ ਕਰਿੰਦੇ, ਪੂਰੀ ਬੇਸ਼ਰਮੀ ਨਾਲ
ਡਰ ਨਾਲ ਸਹਿਮੇ, ਦੇਸ਼ਵਾਸੀਆਂ ਨੂੰ
'ਨੇਤਾ ਜੀ ਦੀ ਜੈ' ਦਾ ਨਾਹਰਾ
ਬੁਲੰਦ ਕਰਨ ਲਈ ਉਕਸਾ ਰਹੇ ਸਨ

ਦੂਜੇ ਹੀ ਪਲ, ਸੂਕਦੀ ਹੋਈ ਇੱਕ ਗੋਲੀ ਆਈ
ਨਾਹਰਾ ਬੁਲੰਦ ਕਰਨ ਵਾਲੇ ਦੀ
ਛਾਤੀ ਦੇ ਆਰ ਪਾਰ ਹੋ ਗਈ

ਚਾਰੋ ਪਾਸੇ ਫੈਲੀਆਂ, ਲਹੂ ਦੀਆਂ ਛਿੱਟਾਂ
ਸਮਝਾਅ ਰਹੀਆਂ ਜਾਪਦੀਆਂ ਸਨ
ਜੰਗ, ਕੋਈ ਤਮਾਸ਼ਾ ਨਹੀਂ ਹੁੰਦਾ-

ਹਕੀਕਤ ਅਤੇ ਦਾਹਵਿਆਂ ਵਿੱਚ
ਬਹੁਤ, ਅੰਤਰ ਹੁੰਦਾ ਹੈ ■ (ਮਾਲਟਨ, ਮਾਰਚ 5, 2022)

# ਕੌਮੀ ਸ਼ਹੀਦ

ਗਲੋਬਲੀਕਰਨ ਦੇ ਯੁੱਗ ਵਿੱਚ
ਵਿਗਿਆਨ, ਤਕਨਾਲੋਜੀ, ਸਮਾਜਿਕਤਾ
ਕਿੰਨੇ ਵਿਕਸਤ ਹੋ ਗਏ ਹਨ-

ਹੁਣ, ਤਾਂ, ਰਾਜਸੀ, ਸਮਾਜਿਕ, ਪ੍ਰਯੋਗਸ਼ਾਲਾਵਾਂ 'ਚ
'ਕੌਮੀ ਸ਼ਹੀਦ' ਜਿਹੇ ਸ਼ਬਦ ਵੀ, ਇਸ ਤਰ੍ਹਾਂ
ਬਣੇ ਬਣਾਏ ਨਿਕਲਦੇ ਹਨ
ਜਿਵੇਂ, ਕਿਸੇ, ਕਾਰ ਫੈਕਟਰੀ ਵਿੱਚੋਂ
ਕਿਸੀ, ਕਾਰ ਦਾ ਨਵਾਂ ਮਾਡਲ
ਬਣਿਆ, ਨਿਕਲਿਆ ਹੋਵੇ

ਸੋਸ਼ਲ ਮੀਡਿਆ, ਇਸ
ਨਵੇਂ ਜਨਮੇ, ਸ਼ਬਦ ਦੀ ਖਬਰ
ਧਰਤੀ ਦੇ ਇੱਕ ਕੋਨੇ ਤੋਂ
ਦੂਜੇ ਕੋਨੇ ਤੱਕ, ਪਲਾਂ, ਛਿਨਾਂ, ਵਿੱਚ ਹੀ
ਪਹੁੰਚਾ ਦਿੰਦਾ ਹੈ, ਜਿਵੇਂ, ਕਿਤੇ
ਅਮਰੀਕਾ ਦੇ ਪੁਲਾੜ ਯਾਤਰੀ
ਮੰਗਲ ਗ੍ਰਹਿ ਉੱਤੇ, ਠੀਕ ਠਾਕ
ਪਹੁੰਚ ਜਾਣ ਦੀ ਖਬਰ ਹੋਵੇ

ਹੁਣ, ਤਾਂ, ਭਾਵੇਂ, ਕੋਈ ਵਿਅਕਤੀ
ਵਿਸਕੀ ਦੇ ਦੋ ਘੁੱਟ ਵੱਧ ਲਗਾ ਕੇ
ਨਸ਼ੇ ਦੀ ਹਾਲਤ ਵਿੱਚ
ਕਾਰ ਚਲਾਂਦਿਆਂ, ਕਿਸੇ, ਦੁਰਘਟਨਾ
ਵਿੱਚ, ਹੀ, ਕਿਉਂ ਨ ਮਾਰਿਆ ਗਿਆ ਹੋਵੇ-

ਲੋਕ, ਤਾਂ, ਉਸ ਨੂੰ ਵੀ
'ਕੌਮੀ ਸ਼ਹੀਦ' ਕਹਿ ਦਿੰਦੇ ਹਨ
ਕਿਉਂਕਿ, ਨਸ਼ੇੜੀਆਂ ਦੀ ਵੀ, ਤਾਂ
ਆਪਣੀ, ਵੱਖਰੀ ਹੀ, ਕੌਮ ਹੁੰਦੀ ਹੈ

ਪੂੰਜੀਵਾਦੀ ਯੁੱਗ ਦੇ
ਗਲੋਬਲੀ ਸਭਿਆਚਾਰ ਦੀ
ਇਹੀ, ਤਾਂ, ਮਹਾਨ ਪ੍ਰਾਪਤੀ ਹੈ-

ਉਹ, ਚਾਕਲੇਟ ਦੇ, ਇੱਕ, ਨਿੱਕੇ ਜਿਹੇ
ਟੁੱਕੜੇ ਨੂੰ ਵੀ 'ਰੈਵੋਲੀਊਸ਼ਨ' ਕਹਿ ਮੰਡੀ ਵਿੱਚ ਵੇਚ ਦਿੰਦਾ ਹੈ
ਤਾਂ, ਉਹ, ਇੱਕ, ਆਮ ਜਿਹੇ ਵਿਅਕਤੀ ਨੂੰ
'ਕੌਮੀ ਸ਼ਹੀਦ' ਕਹਿ ਮੰਡੀ ਵਿੱਚ ਕਿਉਂ ਨਹੀਂ ਵੇਚ ਸਕਦਾ

ਅਜੋਕੇ ਮਨੁੱਖ ਦੀ ਮਾਨਸਿਕਤਾ ਦੀ ਤ੍ਰਾਸਦੀ ਹੈ
ਟੀਵੀ ਸਕਰੀਨ ਉੱਤੇ ਆਈ, ਕਿਸੀ ਵੀ ਪਦਾਰਥ ਦੀ
ਬਹੁ-ਰੰਗੀ, ਮਸ਼ਹੂਰੀ ਦੇਖ ਕੇ ਹੀ, ਤਾਂ, ਉਹ
ਸ਼ੌਪਿੰਗ ਪਲਾਜ਼ਿਆਂ ਵਿੱਚ
ਭੀੜ ਕਰ ਦਿੰਦਾ ਹੈ
ਅਜੋਕੇ ਮਨੁੱਖ ਕੋਲ, ਇਸ ਗੱਲ ਲਈ
ਵਿਹਲ ਹੀ ਕਿੱਥੇ ਹੈ, ਉਹ ਸੋਚ ਸਕੇ
ਟੀਵੀ ਸਕਰੀਨਾਂ ਉੱਤੇ ਪਰੋਸੇ ਗਏ
ਸ਼ਬਦ 'ਕੌਮੀ ਸ਼ਹੀਦ' ਦੇ
ਕੀ ਅਰਥ ਹੁੰਦੇ ਹਨ

ਉਹ, ਤਾਂ
ਟੀਵੀ ਸਕਰੀਨਾਂ ਉੱਤੇ ਆਈ
'ਕੌਮੀ ਸ਼ਹੀਦ' ਸ਼ਬਦ ਦੀ, ਮਸ਼ਹੂਰੀ ਦੇਖਦਿਆਂ ਹੀ
ਮਸਜਿਦਾਂ, ਮੰਦਿਰਾਂ, ਗਿਰਜਿਆਂ, ਗੁਰਦੁਆਰਿਆਂ, ਵੱਲ
ਭੂਤਰੇ ਹੋਏ ਸਾਹਨ ਵਾਂਗ
ਦੌੜ ਪੈਂਦਾ ਹੈ

ਆਪਣਾ, ਸਭ ਕੁਝ
ਨਿਛਾਵਰ ਕਰ ਦੇਣ ਲਈ
'ਕੌਮੀ ਸ਼ਹੀਦ', ਸ਼ਬਦ ਦੇ
ਨਸ਼ੇ ਵਿੱਚ ਨਸ਼ਿਆ
ਜਾਣ ਲਈ

ਗਲੋਬਲੀਕਰਨ ਦੇ ਯੁੱਗ ਵਿੱਚ
ਵਿਗਿਆਨ, ਤਕਨਾਲੋਜੀ, ਸਮਾਜਿਕਤਾ
ਕਿੰਨੇ ਵਿਕਸਤ ਹੋ ਗਏ ਹਨ-

-ਸਾਡੇ, ਤਨ, ਮਨ
-ਸਾਡੀ, ਚੇਤਨਾ
-ਸਾਡੀ, ਸੋਚ
-ਸਾਡੀ, ਹੋਂਦ

ਦੇ ਮਾਲਕ ਹੋ ਗਏ ਹਨ

■

(ਮਾਲਟਨ, ਫਰਵਰੀ 25, 2022)

# ਖਾਲੀ ਕੁਰਸੀਆਂ

ਖਾਲੀ ਕੁਰਸੀਆਂ, ਦਿਨ ਭਰ, ਮੂਸਲਾਧਾਰ
ਬਰਸਾਤ ਵਿੱਚ ਭਿੱਜਦੀਆਂ ਰਹੀਆਂ-

ਪਰ, ਨ ਤਾਂ, ਉਨ੍ਹਾਂ ਉੱਤੇ
ਬੈਠਣ ਵਾਲੇ, ਭਾੜੇ ਉੱਤੇ ਲਿਆਂਦੇ
ਸਰੋਤੇ ਹੀ ਪਹੁੰਚੇ, ਨ ਹੀ
ਮੰਚ ਉੱਤੇ, ਟੱਪ ਟੱਪ
ਭਾਸ਼ਨ ਦੇਣ ਵਾਲੇ, ਰਾਜਨੀਤਕ
ਮਦਾਰੀ ਹੀ

ਸ਼ਹਿਰ ਵਿੱਚ, ਇਹ ਗੱਲ
ਜੰਗਲ ਦੀ ਅੱਗ ਵਾਂਗ ਫੈਲ ਗਈ ਸੀ-
ਰਾਜਨੀਤਕ, ਮਜਮੇਬਾਜ਼ਾਂ ਦੀਆਂ ਜਾਨਾਂ ਨੂੰ
ਖਤਰਾ ਹੋ ਗਿਆ ਸੀ

ਆਪਣੇ ਹੀ ਦੇਸ਼ ਵਿੱਚ-
ਆਪਣੇ ਹੀ ਲੋਕਾਂ ਦਰਮਿਆਨ-
ਜੇਕਰ, ਰਾਜਨੀਤਕ ਮਜਮੇਬਾਜ਼ਾਂ ਨੂੰ
ਅਸੁਰੱਖਿਅਤ ਹੋਣ ਦੀਆਂ ਭਾਵਨਾਵਾਂ ਦਾ
ਅਹਿਸਾਸ ਹੁੰਦਾ ਹੈ, ਤਾਂ
ਨਿਰਸੰਦੇਹ, ਅਜਿਹੇ
ਮਹਾਂ-ਪੁਰਸ਼, ਗਲਤ ਕਿੱਤੇ ਵਿੱਚ
ਆ ਗਏ ਹਨ

ਉਨ੍ਹਾਂ ਨੂੰ, ਫੌਰਨ ਹੀ
ਰਾਜਨੀਤੀ ਨੂੰ ਤਿਲਾਂਜਲੀ ਦੇਹ
ਕਿਸੀ, ਸੁਰੱਖਿਅਤ ਧੰਦੇ ਵੱਲ
ਪਰਤ ਜਾਣਾ ਚਾਹੀਦੈ
■

(ਮਾਲਟਨ, ਜਨਵਰੀ 5, 2022)

# ਮਿਸ ਯੂਨੀਵਰਸ

ਮਿਸ ਯੂਨੀਵਰਸ
ਆਏਗੀ–

ਟੈਲੀਵੀਜ਼ਨ ਸਕਰੀਨਾਂ ਉੱਤੇ
ਆਪਣੀ ਰੇਸ਼ਮੀ ਮੁਸਕਰਾਹਟ ਦਾ ਜਾਦੂ ਬਿਖੇਰ
ਨਵੇਂ ਬਰਾਂਡਾਂ ਵਾਲੀਆਂ
ਕਰੀਮਾਂ, ਪਾਊਡਰਾਂ, ਪਰਫੀਊਮਾਂ, ਦੀ
ਮੰਡੀ ਦਾ ਜਾਲ, ਤੁਹਾਡੇ
ਘਰਾਂ ਉੱਤੇ ਵਿਛਾਏਗੀ

ਮਿਸ ਯੂਨੀਵਰਸ
ਆਏਗੀ–

ਤੁਹਾਡੀਆਂ
ਪਤਨੀਆਂ, ਧੀਆਂ, ਮਾਵਾਂ, ਭੈਣਾਂ, ਨੂੰ
ਵਿਸ਼ਵ ਮੰਡੀ ਦੀਆਂ, ਨਵੀਆਂ
ਕਰੀਮਾਂ, ਲਿਪਸਟਿਕਾਂ, ਪਰਫੀਊਮਾਂ, ਦੇ
ਮੋਹ ਜਾਲ ਵਿੱਚ ਫਸਾਏਗੀ

ਮਿਸ ਯੂਨੀਵਰਸ
ਆਏਗੀ–

ਆਪਣੀ ਰੇਸ਼ਮੀ ਮੁਸਕਰਾਹਟ ਸੰਗ
ਤੁਹਾਡੀਆਂ ਜੇਹਬਾਂ 'ਚੋਂ
ਹਰੇ, ਗੁਲਾਬੀ, ਪੀਲੇ, ਨੀਲੇ, ਕਰੰਸੀ ਨੋਟ
ਚੁਰਾ ਲੈ ਜਾਏਗੀ

ਮਿਸ ਯੂਨੀਵਰਸ
ਆਏਗੀ–

ਆਪਣੀ ਰੇਸ਼ਮੀ ਮੁਸਕਰਾਹਟ
ਆਪਣੇ ਖ਼ੂਬਸੂਰਤ ਤਨ ਬਦਨ
ਆਪਣੇ ਕਾਰਪੋਰੇਟੀ ਸ਼ਬਦ ਜਾਲ ਦਾ
ਜਾਦੂ ਦਿਖਾ, ਤੁਹਾਨੂੰ

ਪਲਾਂ, ਛਿਣਾਂ, ਵਿੱਚ ਹੀ
ਲੁੱਟ ਲੈ ਜਾਏਗੀ

ਮਿਸ ਸੂਨੀਵਰਸ
ਆਏਗੀ-
ਮਿਸ ਯੂਨੀਵਰਸ
ਆਏਗੀ-
ਮਿਸ ਯੂਨੀਵਰਸ
ਆਏਗੀ

■

(ਮਾਲਟਨ, ਦਸੰਬਰ 14, 2021)

# ਕਿਸਾਨ ਮੇਲੇ ਵਿੱਚ ਗੁਆਚੇ ਕਵੀ

ਮੁਨਾਦੀ ਕਰਨ ਵਾਲੇ ਨੇ
ਢੋਲ ਉੱਤੇ ਡੱਗਾ ਮਾਰਦਿਆਂ
ਕਿਹਾ:
'ਸੁਣੋ! ਸੁਣੋ!! ਸੁਣੋ!!!
ਜਿਹੜਾ ਵੀ ਕੋਈ ਕਵੀ
ਕਿਸਾਨ ਮੇਲੇ ਵਿੱਚ ਆ ਕੇ
ਤਰੰਨਮ ਵਿੱਚ ਮਰਸੀਏ ਪੜ੍ਹੇਗਾ
ਡੀਜੇ ਦੀਆਂ ਧੁਨਾਂ 'ਤੇ, ਡਿਸਕੋ ਡਾਂਸ ਕਰੇਗਾ
ਉਸਨੂੰ ਮਾਨਾਂ-ਸਨਮਾਨਾਂ ਨਾਲ
ਨਿਵਾਜਿਆ ਜਾਏਗਾ'

ਮੁਨਾਦੀ ਸੁਣਦਿਆਂ ਹੀ-
ਢਾਡੀ-ਕਵੀਆਂ ਨੂੰ ਚਾਅ ਚੜ੍ਹ ਗਿਆ
ਕਿਸਾਨ ਮੇਲੇ 'ਚ ਜਾ, ਹੁਣ, ਉਹ ਵੀ
ਲੋਕਾਂ ਦੇ ਪੁੱਤਰਾਂ ਨੂੰ, ਕੌਮ ਲਈ
ਸ਼ਹੀਦੀਆਂ ਪਾਉਣ ਵਾਸਤੇ
ਉਤਸਾਹਿਤ ਕਰ ਸਕਣਗੇ

ਮੁਨਾਦੀ ਸੁਣਦਿਆਂ ਹੀ-
ਘਰਾਂ ਦੇ ਤਹਿਖਾਨਿਆਂ 'ਚ ਸਿਮਟੇ
ਮਹਾਂ-ਕਵੀ, ਪੈਰਾਂ 'ਚ ਝਾਂਜਰਾਂ ਬੰਨ੍ਹ
ਤਰੰਨਮ, ਤਰੰਨਮ, ਕਰਦਿਆਂ
ਬੋਲ ਉੱਠੇ:
'ਕਿਸਾਨ ਮੇਲੇ ਜਾਵਾਂਗੇ
ਪੈੱਗ-ਸ਼ੈੱਗ ਲਾਵਾਂਗੇ
ਬੱਕਰੇ ਬੁਲਾਵਾਂਗੇ
ਖਾਕੀ ਨਿੱਕਰਾਂ ਪਾਵਾਂਗੇ
ਕਿਸਾਨ ਮੇਲੇ ਜਾਵਾਂਗੇ
ਮੱਥੇ ਤਿਲਕ ਸਜਾਵਾਂਗੇ'

ਮੁਨਾਦੀ ਸੁਣਦਿਆਂ ਹੀ-
ਸ਼ਹਿਰ, ਸ਼ਹਿਰ, ਪਿੰਡ, ਪਿੰਡ, ਗਲੀ, ਗਲੀ
ਕਵੀਆਂ ਦਾ ਸ਼ੌਰ ਸੀ:
ਕਿਸਾਨ ਮੇਲੇ ਜਾਵਾਂਗੇ

ਤਰੰਨਮ, ਤਰੰਨਮ, ਕਰਦਿਆਂ
ਝਾਂਜਰਾਂ ਛਣਕਾਵਾਂਗੇ
ਕਿਸਾਨ ਮੇਲੇ ਜਾਵਾਂਗੇ
ਤਰੰਨਮ, ਤਰੰਨਮ, ਕਰਦਿਆਂ
ਇਨਾਮ ਲੈ ਕੇ ਆਵਾਂਗੇ
ਕਿਸਾਨ ਮੇਲੇ ਜਾਵਾਂਗੇ
ਤਰੰਨਮ, ਤਰੰਨਮ, ਕਰਦਿਆਂ
ਸਿਰੋਪਾ ਗਲ 'ਚ ਪੁਆਵਾਂਗੇ
■

(ਮਾਲਟਨ, ਫਰਵਰੀ 27, 2021)

# ਮਾਲ ਬਰਿੱਜ ਕਰੈਸੈਂਟ ਦੇ ਕੁੱਤੇ

ਉਨ੍ਹਾਂ ਦੀ ਪਹਿਚਾਣ
ਸ਼ਕਲੋਂ ਨਹੀਂ, ਆਦਤਾਂ ਤੋਂ ਹੁੰਦੀ ਹੈ-

ਉਨ੍ਹਾਂ ਦੇ ਦਿਮਾਗ਼ਾਂ ਵਿੱਚ
ਤਿੰਨ ਫੁੱਟੀ ਤਲਵਾਰ ਵੀ ਹੋ ਸਕਦੀ ਹੈ
ਮੰਨੂਵਾਦੀ ਗਿੱਠ ਕੁ ਲੰਬੀ ਬੋਦੀ ਵੀ
ਧਰਮੀ ਘੁਮੰਡ ਦੀ ਚਾਸ਼ਨੀ 'ਚ ਡੁੱਬਿਆ
          ਕੋਈ, ਤਾਲਿਬਾਨੀ ਨਾਹਰਾ ਵੀ

ਉਹ, ਕਾਰਾਂ, ਵੈਨਾਂ, ਟਰੱਕਾਂ, 'ਚ ਬੈਠੇ
ਆਪਣੇ, ਮੂੰਹਾਂ 'ਚੋਂ ਝੱਗ ਸੁੱਟਣਗੇ
ਉਨ੍ਹਾਂ ਦੀਆਂ, ਪੂਛਾਂ, ਤ੍ਰੈਸ਼ੂਲ ਵਾਂਗ
ਜਾਂ ਖੰਜਰੀ ਨੋਕ ਵਾਂਗ
          ਖੜ੍ਹੀਆਂ ਹੋਣਗੀਆਂ

ਉਹ, ਅਕਸਰ, ਨੇੜੇ ਦੇ ਕਿਸੀ
ਧਰਮੀ ਸਥਾਨ ਦੀ ਜੂਠ 'ਤੇ ਪਲਣਗੇ
ਉਨ੍ਹਾਂ ਦੇ ਦਿਮਾਗ਼ਾਂ 'ਚ
ਧਰਮੀ ਜੂਠ ਦੇ, ਸਿਆਸੀ, ਕੀੜੇ ਵੀ
ਕੁਰਬਲ, ਕੁਰਬਲ, ਕਰਦੇ ਹੋਣਗੇ

ਉਨ੍ਹਾਂ ਦੀ ਪਚਿਾਣ
ਧਰਮੀ ਹੰਕਾਰ ਨਾਲ ਭਰੇ ਬੋਲਾਂ 'ਚ ਹੋਵੇਗੀ
ਉਨ੍ਹਾਂ ਦੀ ਪਹਿਚਾਣ
ਜਾਤੀ ਹੰਕਾਰ ਨਾਲ ਭਰੇ ਕੰਮਾਂ 'ਚ ਹੋਵੇਗੀ
ਉਨ੍ਹਾਂ ਦੀ ਪਹਿਚਾਣ
ਝੂਠੇ ਧਰਮੀ ਕਰਮ-ਕਾਂਡਾਂ 'ਚ ਹੋਵੇਗੀ
ਉਨ੍ਹਾਂ ਦੀ ਪਹਿਚਾਣ
ਕੁੱਤਾ-ਸਥਾਨ ਦੇ ਨਾਹਰਿਆਂ 'ਚ ਹੋਵੇਗੀ

ਉਹ, ਕਿਸੀ ਵੀ ਘਰ
ਦੇ ਨੇੜਿਓਂ ਲੰਘਣ ਵੇਲੇ
ਪਿਸ਼ਾਬ ਦੀ ਧਾਰ ਮਾਰਨ ਵਿੱਚ ਹੀ
ਆਪਣੀ ਪਹਿਚਾਣ ਸਮਝਦੇ ਹਨ

ਮਾਲ ਬਰਿੱਜ ਕਰੈਸੈਂਟ ਦੇ
ਕੁੱਤਿਆਂ ਦੀ ਪਹਿਚਾਣ-

ਸ਼ਕਲੋਂ ਨਹੀਂ, ਉਨ੍ਹਾਂ ਦੀਆਂ
ਆਦਤਾਂ ਤੋਂ ਹੀ ਹੁੰਦੀ ਹੈ
■

(ਮਾਲਟਨ, ਨਵੰਬਰ 23, 2020)

# ਬੇਸ਼ਰਮੋਂ

ਰਾਜਧਾਨੀ ਦੇ ਬੂਹੇ ਅੱਗੇ
ਚੰਦ ਕੁ, ਆਪਣੇ, ਹੱਕਾਂ ਖਾਤਿਰ
ਯੱਖ ਠੰਡੀਆਂ ਰਾਤਾਂ ਵਿੱਚ ਬੈਠੇ
ਕਿਰਸਾਨਾਂ ਦੇ ਰਾਹਾਂ ਉੱਤੇ
ਤਿੱਖੀਆਂ ਮੇਖਾਂ ਗੱਡਣ ਵਾਲੇ
ਮੂੰਹਾਂ ਵਿੱਚ, ਰਾਮ, ਰਾਮ
ਬਗਲਾਂ ਵਿੱਚ, ਛੁਰੀਆਂ ਰੱਖਣ ਵਾਲੇ
ਬਗਲੇ ਭਗਤੋ-

ਬੇਸ਼ਰਮੋਂ-
ਹਿਟਲਰ ਦੇ ਜਾ-ਨਸ਼ੀਨੋਂ
ਹਿੰਦ-ਪਾਕਿ ਖਿੱਤੇ ਵਿੱਚ
ਦੰਗੇ-ਮਾਤਰਮ ਦੀ ਭਾਸ਼ਾ ਸਿਰਜਣ ਵਾਲੇ
ਕੰਨੋਂ ਬੋਲੇ, ਮੂੰਹੋਂ ਗੂੰਗੇ, ਅੱਖੋਂ ਅੰਨ੍ਹੇ
ਸਾਜ਼ਿਸ਼ੀ, ਚਾਣਕਿਆ
ਦੀਆਂ ਔਲਾਦੋ

ਬੇਸ਼ਰਮੋਂ-
ਜੇਕਰ, ਰਤੀ ਕੁ ਭਰ ਵੀ
ਸ਼ਰਮ ਤੁਹਾਡੇ ਪੱਲੇ ਹੁੰਦੀ, ਤਾਂ
ਤੁਸੀਂ, ਧਰਤੀ 'ਚੋਂ ਅੰਨ ਉਗਾਵਣ ਵਾਲੇ
ਧਰਤੀ ਦੇ ਪੁੱਤਰਾਂ-ਧੀਆਂ ਕਿਰਸਾਨਾਂ, ਮਜ਼ਦੂਰਾਂ, ਨੂੰ
ਇੰਝ, ਨ ਕਦੀ ਰੋਲਦੇ
ਆਪਣੇ, ਗਲ ਨਾਲ ਲਾ ਕੇ
ਉਨ੍ਹਾਂ ਦੇ, ਦਿਲਾਂ ਉੱਤੇ ਭਾਰੂ ਹੋਏ
ਉਨ੍ਹਾਂ ਦੇ, ਦੁੱਖ ਫੋਲਦੇ

ਬੇਸ਼ਰਮੋਂ-
ਮਕਾਰੋ, ਹੱਠ-ਧਰਮੀਓਂ, ਬਹੁ-ਰੂਪੀਓ
ਸਾਂਭ ਲਵੋ, ਇਸ ਪਲ ਨੂੰ

ਇਸ ਤੋਂ ਪਹਿਲਾਂ
ਹਰ ਕੋਈ, ਥੂਹ, ਥੂਹ
ਆਖੇ, ਤੁਹਾਨੂੰ

ਇਸ ਤੋਂ ਪਹਿਲਾਂ
ਹਾਲਾਤ ਜਵਾਲਾ ਮੁਖੀ
ਬਣ ਜਾਣ

ਇਸ ਤੋਂ ਪਹਿਲਾਂ
ਹਰ ਪਾਸੇ, ਅੱਗ ਦਾ
ਦਰਿਆ ਵਹਿੰਦਾ ਹੋਵੇ
■

(ਮਾਲਟਨ, ਫਰਵਰੀ 6, 2021)

# ਇੱਛਾਧਾਰੀ ਧਰਮੀ ਸੱਪ

ਜਸ਼ਨ ਦਾ ਦਿਨ ਸੀ-
ਕਿਸਾਨ, ਬੀਵੀ, ਬੱਚਿਆਂ, ਸਮੇਤ
ਮੇਲੇ ਵਿੱਚ ਜਾਣ ਦੇ ਚਾਅ ਨਾਲ
ਭਰਿਆ, ਟਹਿਕ ਰਿਹਾ ਸੀ

ਉਸ ਨੇ ਟਰੈਕਟਰ ਨੂੰ
ਫੁੱਲਾਂ ਨਾਲ ਸਜਾਇਆ ਹੋਇਆ ਸੀ
ਡੈੱਕ ਉੱਤੇ ਗੀਤ ਵੱਜ ਰਿਹਾ ਸੀ:
'ਬਹੁਤੀ ਆਸ ਨੀਂ ਰੱਖੀ ਦੀ
ਲੋਟੂ ਸਰਕਾਰਾਂ ਤੋਂ

ਅਚਾਨਕ, ਇੱਕ ਇੱਛਾਧਾਰੀ ਧਰਮੀ ਸੱਪ
ਕਿਸਾਨ ਦੇ ਆਲੇ-ਦੁਆਲੇ
ਫਨ ਫੈਲਾਅ ਕੇ ਖੜ੍ਹ ਗਿਆ

ਇਸ ਤੋਂ ਪਹਿਲਾਂ ਕਿ ਕਿਸਾਨ
ਕੁਝ ਕਰ ਸਕਦਾ, ਇੱਛਾਧਾਰੀ ਧਰਮੀ ਸੱਪ ਨੇ
ਧਰਮ ਧਰਮ ਕੂਕ, ਆਪਣੇ ਫਨ ਨੂੰ
ਕਿਸੀ ਧਰਮੀ ਪਰਚਮ ਵਾਂਗ ਫੈਲਾ
ਉਸ ਦੇ, ਡੰਗ ਮਾਰ ਦਿੱਤਾ

ਕਿਸਾਨ, ਤਾਂ, ਆਪਣੇ ਚੌਗਿਰਦੇ ਨੂੰ
ਹਰ ਦਿਨ, ਬਹੁਤ, ਲਿੱਪ ਪੋਚ ਕੇ ਰੱਖਦਾ ਸੀ
ਫਿਰ, ਇਹ ਇੱਛਾਧਾਰੀ ਧਰਮੀ ਸੱਪ
ਉਸ ਦੇ, ਘਰ ਦੀ ਕਿਸੀ ਨੁੱਕਰ 'ਚ
ਛਿਪ ਕੇ ਕਿੱਥੇ ਬੈਠਾ ਸੀ-

ਬਸ, ਇਹੀ ਸੁਆਲ, ਇਸ ਪਲ
ਉਸ ਦੇ ਮੱਥੇ ਵਿੱਚ, ਹਥੌੜਿਆਂ ਵਾਂਗ
ਵੱਜ ਰਿਹਾ ਸੀ

ਬਦਲਦੇ ਮੌਸਮਾਂ ਦਾ, ਅੱਜ ਕੱਲ੍ਹ
ਕੁਝ ਪਤਾ ਨਹੀਂ ਲੱਗਦਾ-

ਜਸ਼ਨ ਦੇ ਦਿਨ, ਕਿਸ ਪਲ
ਇੱਛਾਧਾਰੀ ਧਰਮੀ ਸੱਪ, ਸੜਕਾਂ ਉੱਤੇ
ਫਨ ਫੈਲਾਈ, ਆ ਖੜ੍ਹੇ ਹੋਣ

ਕਿਸੀ ਵੀ ਦਿਨ, ਕਦੀ ਵੀ
ਕੁਝ ਵੀ, ਵਾਪਰ ਸਕਦਾ ਹੈ-

ਜ਼ਿੰਦਗੀ ਦਾ, ਹਰ ਪਲ
ਆਪਣੀ ਬੁੱਕਲ ਵਿੱਚ, ਸਾਡੇ ਲਈ
ਕੀ ਸਮੋਈ ਬੈਠਾ ਹੈ

ਅਸੀਂ, ਕਦੀ ਵੀ
ਪੂਰੇ ਯਕੀਨ ਨਾਲ
ਨਹੀਂ ਦਸ ਸਕਦੇ
■
(ਮਾਲਟਨ, ਜਨਵਰੀ 27, 2021)

# ਕਰੋਨਾ ਮਹਾਮਾਰੀ ਝੱਖੜ

ਸਾਲ ਦਾ ਆਖਰੀ ਦਿਨ ਹੈ-

ਸਾਲ ਦੇ ਜਨਮ ਦਿਨ ਤੋਂ ਹੀ
ਸ਼ੂਰੂ ਹੋਇਆ, ਕਰੋਨਾ ਮਹਾਮਾਰੀ ਝੱਖੜ
ਅਜੇ ਵੀ ਥੰਮ੍ਹਿਆ ਨਹੀਂ

ਕਿੰਨੀਆਂ ਹੀ ਹਕੂਮਤਾਂ ਦੇ
ਰਾਜ ਸਿੰਘਾਸਨ, ਇਸ ਝੱਖੜ ਨੇ
ਡਾਵਾਂਡੋਲ ਕਰ ਦਿੱਤੇ, ਕਿੰਨੇ ਹੀ
ਉੱਚਿਆਂ ਨੱਕਾਂ ਵਾਲੇ, ਦਿਓ ਕੱਦ
ਹੁਕਮਰਾਨ, ਇਸ ਝੱਖੜ ਸਾਹਵੇਂ
ਬੌਣੇ ਹੋ ਗਏ

ਕਰੋਨਾ ਮਹਾਮਾਰੀ ਦਾ ਝੱਖੜ
ਇਤਿਹਾਸ, ਸਭਿਆਚਾਰ, ਧਰਮ, ਸਾਹਿਤ, ਦੇ
ਪੰਨਿਆਂ ਉੱਤੇ, ਆਪਣੀ ਦਹਿਸ਼ਤ ਦੇ
ਗੂੜ੍ਹੇ ਹਸਤਾਖਰ ਕਰ ਗਿਆ

ਮਨੁੱਖੀ ਮਾਨਸਿਕਤਾ ਨੂੰ
ਇਸ ਝੱਖੜ ਨੇ, ਇਸ ਕਦਰ
ਝੰਜੋੜਿਆ-
ਮਨੁੱਖ, ਜ਼ਿੰਦਗੀ ਅਤੇ ਮੌਤ ਦੇ
ਨਵੇਂ ਅਰਥ ਸਿਰਜਣ ਲੱਗਾ

ਮਨੁੱਖ, ਜੋ
ਦੂਰ-ਦੁਰਾਡੀਆਂ ਧਰਤੀਆਂ ਉੱਤੇ
ਆਪਣੇ, ਰਾਕਟ ਭੇਜਣ ਦੀ
ਸਮਰੱਥਾ ਪ੍ਰਾਪਤ ਕਰ ਲੈਣ ਸਦਕਾ
ਆਪਣੀ ਤਾਕਤ ਦੇ ਨਸ਼ੇ ਵਿੱਚ ਚੂਰ
ਨੱਕ 'ਚੋਂ ਠੂੰਹੇਂ ਸੁੱਟ ਰਿਹਾ ਸੀ

ਹੁਣ-
ਨਿੰਮੋਝੂਣਾ ਹੋਇਆ, ਇਸ
ਝੱਖੜ ਦੇ ਥੰਮ੍ਹ ਜਾਣ ਦੀ

ਬੇਸਬਰੀ ਨਾਲ, ਉਡੀਕ
ਕਰ ਰਿਹਾ ਹੈ
■

(ਮਾਲਟਨ, ਦਸੰਬਰ 31, 2020)

# ਕਾਲੇ ਕਾਨੂੰਨ

ਇੱਕ ਦਿਨ, ਹਿੰਦੁਸਤਾਨ ਦੀ
ਅੰਗਰੇਜ਼ ਹਕੂਮਤ ਦੇ ਬਣਾਏ
ਕਾਲੇ ਕਾਨੂੰਨਾਂ ਨੂੰ ਚੁਣੌਤੀ ਦੇਣ
ਬੋਲੇ ਕੰਨਾਂ ਨੂੰ ਸੁਨਾਉਣ ਲਈ
ਭਗਤ ਸਿੰਘ, ਬੀ.ਕੇ. ਦੱਤ ਨੇ
ਦਿੱਲੀ ਅਸੈਂਬਲੀ ਵਿੱਚ
ਬੰਬ ਧਮਾਕਾ ਕੀਤਾ ਸੀ-

ਅੱਜ, ਫਿਰ
ਹਿੰਦੁਸਤਾਨ ਦੀ ਹਕੂਮਤ ਦੇ ਬਣਾਏ
ਕਾਲੇ ਕਾਨੂੰਨਾਂ ਨੂੰ ਚੁਣੌਤੀ ਦੇਣ
ਬੋਲੇ ਕੰਨਾਂ ਨੂੰ ਸੁਨਾਉਣ ਲਈ
ਲੱਖਾਂ ਕਿਸਾਨ, ਮਜ਼ਦੂਰ
ਦਿੱਲੀ ਦੇ ਦਰਵਾਜ਼ਿਆਂ ਉੱਤੇ
ਦਸਤਕ ਦੇ ਰਹੇ ਹਨ

ਅੱਜ, ਫਿਰ
ਹਕੂਮਤ ਦੀ ਜ਼ਿਦ ਭੰਨਣ ਲਈ
ਆਪਣੇ ਹੱਕਾਂ ਦੀ ਰਾਖੀ ਕਰਨ ਲਈ
ਲੋਕ ਮੀਲਾਂ ਲੰਬੇ ਕਾਫ਼ਲਿਆਂ ਦਾ ਰੂਪ ਧਾਰ
ਰਾਜਨੀਤੀ ਦੀਆਂ, ਮਕਾਰ, ਕਾਲੀਆਂ
ਭੇਡਾਂ ਨੂੰ ਵੰਗਾਰ ਰਹੇ ਹਨ
ਮੀਡੀਆ ਰੂਪੀ, ਮੁਖੌਟਾਧਾਰੀ, ਕੋਬਰਾ
ਸੱਪਾਂ ਨੂੰ ਲਲਕਾਰ ਰਹੇ ਹਨ

ਲੋਕ ਜਾਣ ਗਏ ਹਨ
ਹੁਣ, ਵਰ੍ਹਿਆਂ ਦੀ, ਕੁੰਭਕਰਨੀ
ਨੀਂਦ 'ਚੋਂ ਉੱਠਣ ਦਾ ਵੇਲਾ ਹੈ

ਲੋਕ ਜਾਣ ਗਏ ਹਨ
ਹੁਣ, ਕਾਲੀਆਂ, ਭੇਡਾਂ ਦੀ
ਉੱਨ ਲਾਹੁਣ ਦਾ ਵੇਲਾ ਹੈ

ਲੋਕ ਜਾਣ ਗਏ ਹਨ

ਹੁਣ, ਮੁਖੌਟਾਧਾਰੀ, ਸੱਪਾਂ ਦੇ
ਦੰਦ ਭੰਨਣ ਦਾ ਵੇਲਾ ਹੈ

■

(ਮਾਲਟਨ, ਨਵੰਬਰ 24, 2020)

# ਪਰਾਲੀ ਫੂਕ ਇਨਕਲਾਬੀਆਂ ਦਾ ਨਾਹਰਾ

ਖੇਤਾਂ ਨੂੰ, ਅਸੀਂ, ਅੱਗਾਂ ਲਾਵਾਂਗੇ
ਜੋ ਕੁਝ ਰਾਹ ਵਿੱਚ ਆਇਆ ਫੂਕ ਦਿਆਂਗੇ
ਬ੍ਰਿਖ, ਬੂਟੇ, ਪੰਛੀ, ਸਭ ਨੂੰ
ਰਾਖ ਦਾ ਢੇਰ ਬਣਾਵਾਂਗੇ-

ਚੰਬਲ ਘਾਟੀ ਦੇ ਡਾਕੂਆਂ ਵਾਂਗੂੰ
ਹਥਿਆਰਾਂ ਨਾਲ, ਪੂਰੀ ਤਰ੍ਹਾਂ, ਲੈਸ ਹੋ
ਅਸੀਂ, ਰਾਜਧਾਨੀ ਵੱਲ, ਚਾਲੇ ਪਾਵਾਂਗੇ

ਰਾਹ ਵਿੱਚ, ਸਾਡੇ, ਬ੍ਰਿਖ, ਬੂਟਾ, ਪੰਛੀ
ਜੋ ਕੁਝ ਵੀ ਆਵੇਗਾ, ਅਸੀਂ, ਉਸਨੂੰ
ਮਿੱਟੀ ਵਿੱਚ ਮਿਲਾਵਾਂਗੇ

ਵਾਤਾਵਰਣ ਦਾ ਸੱਤਿਆਨਾਸ ਕਰਨ ਲਈ
ਖੇਤਾਂ ਵੱਲ ਆਉਂਦੀ, ਹਰ, ਪਗਡੰਡੀ, ਹਰ, ਸੜਕ
ਧੂੰਆਂਧਾਰ ਕਰਾਂਗੇ, ਅਸੀਂ, ਏਦਾਂ
ਆਪਣੀ, ਹਰ, ਜ਼ਿੱਦ ਪੁਗਾਵਾਂਗੇ

ਸੱਤਾ ਦੀਆਂ ਨਾਸਾਂ ਵਿੱਚ ਧੂੰਆਂ ਦੇਣ ਲਈ
ਅਸੀਂ, ਅੱਗ ਦੇ ਧੂੰਏਂ ਸੰਗ, ਇੰਝ
ਬੱਚਿਆਂ, ਬੁੱਢਿਆਂ, ਜਵਾਨਾਂ, ਦੀ ਮੌਤ ਦਾ
ਸੜਕਾਂ ਉੱਤੇ, ਸਾਜ਼ਿਸ਼ੀ, ਜਾਲ ਵਿਛਾਵਾਂਗੇ

ਸੱਤਾ ਸੁਣ ਲਏ, ਕੰਨ ਖੋਲ੍ਹ ਕੇ
ਸਾਡੀ ਗੱਲ, ਸਾਡੇ, ਰਾਹ ਵਿੱਚ ਆਉਂਦੇ
ਹਰ ਰੁੱਖ ਦੀ ਟਾਹਣੀ ਉੱਤੇ, ਉਹ
ਸੋਨੇ ਦੇ ਸਿੱਕਿਆਂ ਨਾਲ ਭਰੀ
ਇੱਕ, ਥੈਲੀ ਲਟਕਾਵੇ

ਸਾਡੇ, ਮੂੰਹੋਂ ਨਿਕਲੀ, ਇੱਕ, ਇੱਕ
ਗੱਲ ਉੱਤੇ, ਸੱਤਾ, ਫੁੱਲ ਚੜ੍ਹਾਵੇ

ਧਰਨੇ ਉੱਤੇ ਬੈਠੇ, ਸਾਡੇ, ਘੜੰਮ
ਚੌਧਰੀਆਂ ਦੇ ਪੈਰਾਂ ਉੱਤੇ, ਆਪਣਾ
ਸੀਸ ਝੁਕਾਵੇ, ਉਨ੍ਹਾਂ ਦੇ ਸੁੱਚੇ
ਪੈਰਾਂ ਨੂੰ, ਮੁੜ, ਮੁੜ
ਹੱਥ ਲਗਾਵੇ

ਅੱਜ ਦੇ ਯੁੱਗ ਦੇ
ਅਸੀਂ, ਗੈਂਗਸਟਰ
ਅਸੀਂ, ਮਾਫ਼ੀਆ-

ਸਾਡੀ ਹੋਂਦ ਨੂੰ, ਸੱਤਾ
ਪੱਠੇ ਪਾਵੇ
■

(ਮਾਲਟਨ, ਮਈ 17, 2022)

# ਨੇਤਾ ਦਾ ਭਾਸ਼ਨ

ਨੇਤਾ ਬੋਲਿਆ :
ਕੁਝ ਲੋਕਾਂ ਦਾ ਖ਼ੂਨ ਗਰਮ ਹੈ
ਉਹ, ਅਕਸਰ ਹੀ, ਜੋਸ਼ ਵਿੱਚ
ਆਂਢੀਆਂ-ਗੁਆਂਢੀਆਂ ਦੀਆਂ, ਧੀਆਂ ਦੇ
ਬਲਾਤਕਾਰ ਕਰ ਦਿੰਦੇ ਹਨ

ਨੇਤਾ ਬੋਲਿਆ :
ਦੇਸ ਵਿੱਚ, ਸਭ ਲੋਕ
ਆਪਣੀ, ਸੰਸਕ੍ਰਿਤੀ ਦਾ ਪਾਲਣ ਕਰਦੇ ਹਨ
ਬਲਾਤਕਾਰ ਕਰਨਾ, ਤਾਂ
ਸੰਸਕ੍ਰਿਤੀ ਦਾ ਅਟੁੱਟ ਅੰਗ ਹੈ

ਨੇਤਾ ਬੋਲਿਆ :
ਅਸੀਂ, ਰਾਮ ਦੇ ਸੱਚੇ ਭਗਤ
ਗਊ ਮਾਤਾ ਦੀ ਸੁਰੱਖਿਆ ਲਈ
ਪ੍ਰਤੀਬੱਧ ਹਾਂ, ਕਿਸੀ ਬੇਟੀ ਦੀ
ਸੁਰੱਖਿਆ ਲਈ ਨਹੀਂ

ਨੇਤਾ ਬੋਲਿਆ :
ਗਊ ਮਾਤਾ ਦਾ ਬਲਾਤਕਾਰ ਕਰਨ ਵਾਲੇ ਲਈ
ਅਸੀਂ, ਮੌਤ ਦੀ ਸਜ਼ਾ ਦੀ ਮੰਗ ਕਰਾਂਗੇ
ਔਰਤ ਦਾ ਗੈਂਗਰੇਪ ਕਰਨ ਵਾਲਿਆਂ ਲਈ
ਤਾਂ, ਮਹਿਜ਼, ਗੰਗਾ ਦੇ ਪਵਿੱਤਰ ਪਾਣੀਆਂ 'ਚ
ਡੁਬਕੀ ਲਗਾਉਣੀ ਹੀ
ਕਾਫੀ ਰਹੇਗੀ

ਕਿਸੀ ਨੇਤਾ ਦਾ
ਬਿਆਨ ਹੀ, ਉਸਦੀ
ਮਾਨਿਸਕਤਾ ਦਾ ਵਿਸਥਾਰ ਹੁੰਦਾ ਹੈ-

ਕਿਸੀ ਨੇਤਾ ਨੇ
ਆਪਣੀ ਵਿਚਾਰਧਾਰਾ ਦੀ
ਪੁਸ਼ਟੀ ਕਰਨ ਲਈ, ਹੋਰ ਕਿਤੇ
ਮੰਨੂੰ ਵਾਂਗ, ਕੋਈ

ਗਰੰਥ ਥੋੜਾ ਹੀ
ਲਿਖ ਦੇਣਾ ਹੁੰਦਾ ਹੈ
■

(ਅਕਤੂਬਰ 3, 2020, ਮਾਲਟਨ)

# ਸਾਜ਼ਿਸ਼ਾਂ

ਸ਼ਹਿਰ ਵਿੱਚ ਚਰਚਾ ਸੀ
ਕਿਸੀ ਨੇ, ਕਿਸੀ ਮਾਸੂਮ ਦਾ
ਕਤਲ ਕਰ ਦਿੱਤਾ ਹੈ-

ਕਾਤਲ ਨੇ, ਕਤਲ ਹੋਏ
ਸ਼ਖ਼ਸ ਦੀ, ਲਾਸ਼
ਚੌਰਸਤੇ ਵਿੱਚ, ਲਟਕਾ
ਦਿੱਤੀ ਹੈ

ਹੁਣ, ਹਰ ਕੋਈ
ਚੌਰਸਤੇ 'ਚੋਂ ਲੰਘਦਿਆਂ
ਇੱਕ, ਤਮਾਸ਼ਬੀਨ ਵਾਂਗ
ਲਟਕ ਰਹੀ, ਲਾਸ਼ ਨੂੰ ਵੇਖ
ਕੁਛ, ਬੁੜਬੁੜਾਂਦਾ ਹੈ

ਇੱਕ ਸੰਪਾਦਕ ਬੋਲਿਆ:
ਧਰਮ ਤਾਂ ਬੰਦੇ ਅੰਦਰ
ਕਰੁਣਾ ਜਗਾਂਦਾ ਹੈ
ਕੋਈ ਵੀ ਧਰਮੀ ਬੰਦਾ
ਇਸ ਤਰ੍ਹਾਂ, ਕਿਸੀ ਦਾ
ਕਤਲ ਕਰ ਨਹੀਂ ਸਕਦਾ

ਇੱਕ ਰੰਗਕਰਮੀ ਬੋਲਿਆ:
ਮੈਂ ਘੰਟਿਆਂ ਬੱਧੀ
ਧਰਮ ਬਾਰੇ ਭਾਸ਼ਨ ਦੇ ਕੇ
ਇਹ ਸਿੱਧ ਕਰ ਸਕਦਾ ਹਾਂ
ਇਹ ਕਤਲ ਕਰਨ ਵਾਲਾ
ਨਿਰਸੰਦੇਹ, ਕੋਈ ਧਰਮੀ ਬੰਦਾ
ਹਰਗਿਜ਼, ਹੋ ਨਹੀਂ
ਸਕਦਾ

ਇੱਕ ਪੁਲਿਸ ਅਧਿਕਾਰੀ ਬੋਲਿਆ:
ਅਸੀਂ, ਇਸ ਗੱਲ ਦੀ
ਪੂਰੀ ਪੜਤਾਲ ਕਰਾਂਗੇ

ਇਹ ਕਤਲ ਹੋਣ ਵਾਲਾ
ਵਿਅਕਤੀ, ਇਸ ਚੌਰਸਤੇ ਵਿੱਚ
ਕਤਲ ਹੋਣ ਲਈ, ਕਿਹੜੇ ਕਿਹੜੇ
ਲੋਕਾਂ ਦੇ, ਜੰਗਲ
ਵਿੱਚੋਂ ਲੰਘਿਆ

ਇੱਕ ਰਾਜਨੀਤੀਵਾਨ ਬੋਲਿਆ:
ਅਸੀਂ, ਸਮੇਂ ਦੀ ਸਰਕਾਰ ਤੋਂ
ਇਹ ਮੰਗ ਮੰਗਦੇ ਹਾਂ
ਕਤਲ ਹੋਣ ਵਾਲੇ ਦੇ
ਵਾਰਿਸਾਂ ਨੂੰ, ਸਰਕਾਰ
ਭਾਰੀ ਮੁਆਵਜ਼ਾ ਦੇਵੇ, ਤਾਂ ਜੁ
ਇਸ ਕਤਲ ਤੋਂ ਉਤਸ਼ਾਹਿਤ ਹੋ ਕੇ
ਸ਼ਹਿਰ ਦਾ ਹਰ ਨਾਗਰਿਕ
ਕਤਲ ਹੋਣ ਲਈ, ਹਮੇਸ਼ਾ
ਤਿਆਰ ਰਹੇ

ਇੱਕ ਧਾਰਮਿਕ ਨੇਤਾ ਬੋਲਿਆ:
ਸਾਡਾ ਧਰਮ, ਹਮੇਸ਼ਾ
ਦੂਜਿਆਂ ਦਾ ਕਤਲ ਕਰਨ ਲਈ
ਸਾਨੂੰ, ਉਤਸ਼ਾਹਿਤ ਕਰਦਾ ਹੈ
ਸਾਡਾ ਧਰਮ ਹੀ ਕਬਰਸਤਾਨਾਂ
ਸ਼ਮਸ਼ਾਨ ਭੂਮੀਆਂ ਵਿੱਚ
24 ਘੰਟੇ, ਸੱਤੇ ਦਿਨ
ਚਹਿਲ-ਪਹਿਲ ਰੱਖਦਾ ਹੈ
ਕਦੀ, ਗਊ ਰਖਸ਼ੱਕ ਬਣਕੇ
ਕਦੀ, ਸੂਰ ਦਾ ਪੁਜਾਰੀ ਬਣ
ਕਦੀ, ਬਲਦੀ ਸਲੀਬ ਮੋਢੇ 'ਤੇ ਰੱਖ
ਕਦੀ, ਗੁਰੂ ਦੁਆਰੇ ਦੀ ਤੌਹੀਨ ਦਾ ਬਹਾਨਾ ਕਰ

ਇੱਕ ਪੁਲਿਸ ਮੁਖਬਰ ਬੋਲਿਆ:
ਲੇਖਕੋ, ਸੰਪਾਦਕੋ, ਰੰਗਕਰਮੀਓ
ਪੁਲਿਸ ਅਧਿਕਾਰੀਓ, ਰਾਜਨੀਤੀਵਾਨੋ
ਧਰਮੀ ਲੁਟੇਰਿਓ-

ਇੰਝ ਹੀ ਸਦਾ, ਇੱਕ ਦੂਜੇ ਦੇ
ਕਦਮ ਨਾਲ, ਕਦਮ ਮਿਲਾ ਕੇ

ਤੁਰਦੇ ਰਹੋ-

ਸ਼ਮਸ਼ਾਨ ਭੂਮੀਆਂ, ਕਬਰਸਤਾਨਾਂ 'ਚ
ਹਕੂਮਤੀ ਡੁੱਗ-ਡੁਗੀ ਦੀ ਤਾਲ ਉੱਤੇ
ਨੱਚਦੇ, ਸਾਜ਼ਿਸ਼ੀ ਕਤਲਾਂ ਦੇ
ਮੌਸਮੀਂ, ਗੀਤ ਗਾਂਦੇ ਹੋਏ
■

(ਮਾਲਟਨ, ਅਕਤੂਬਰ 20, 2021)

# ਕਿਸਾਨ

ਕਿਸਾਨ ਦਾ ਧਰਮ ਨ ਪੁੱਛੋ
ਕਿਸਾਨ ਦੀ ਜ਼ਾਤ ਨ ਪੁੱਛੋ
ਕਿਸਾਨ ਦੀ ਬੋਲੀ ਨ ਪੁੱਛੋ
ਕਿਸਾਨ ਦਾ ਸਭਿਆਚਾਰ ਨ ਪੁੱਛੋ

ਉਸਦੀ ਪਹਿਚਾਣ-
ਖੇਤਾਂ 'ਚ ਡੁੱਲ੍ਹ ਰਿਹਾ ਉਸਦਾ ਪਸੀਨਾ ਹੈ
ਉਸਦੀ ਪਹਿਚਾਣ-
ਖੇਤਾਂ 'ਚ ਲਹਿਲਹਾਂਦੀਆਂ ਫਸਲਾਂ ਹਨ
ਉਸਦੀ ਪਹਿਚਾਣ-
ਮੰਡੀਆਂ 'ਚ ਰੁਲ ਰਹੇ ਉਸਦੇ ਸੁਫ਼ਨੇ ਹਨ

ਉਸਦੀ ਪਹਿਚਾਣ-
ਹੰਕਾਰੀ ਗਾਇਕਾਂ ਦੇ ਗੀਤਾਂ 'ਚ ਨਹੀਂ
ਉਸਦੀ ਪਹਿਚਾਣ-
ਮੋਢਿਆਂ ਤੇ ਰੱਖੀਆਂ ਦੋਨਾਲੀ ਬੰਦੂਕਾਂ 'ਚ ਨਹੀਂ
ਉਸਦੀ ਪਹਿਚਾਣ-
ਮਹਿੰਗੀਆਂ ਬਦੇਸ਼ੀ ਕਾਰਾਂ 'ਚ ਨਹੀਂ

ਕਿਸਾਨ ਦੀ ਯਾਦ, ਉਦੋਂ ਆਉਂਦੀ ਹੈ-
ਜਦੋਂ, ਅਸੀਂ, ਅੰਤਾਂ ਦੀ ਭੁੱਖ ਨਾਲ
ਚੀਖ ਰਹੇ ਹੁੰਦੇ ਹਾਂ

ਕਿਸਾਨ ਦੀ ਯਾਦ, ਉਦੋਂ ਆਉਂਦੀ ਹੈ-
ਜਦੋਂ, ਦੇਸ ਵਿੱਚ, ਕਾਲ ਪੈ ਜਾਣ ਸਦਕਾ
ਲਾਸ਼ਾਂ ਦੇ ਅੰਬਾਰ ਲੱਗ ਜਾਂਦੇ ਹਨ

ਕਿਸਾਨ ਦੀ ਯਾਦ, ਉਦੋਂ ਆਉਂਦੀ ਹੈ-
ਜਦੋਂ, ਅਨਾਜ ਖਾਤਿਰ, ਸਾਨੂੰ
ਬਦੇਸ਼ਾਂ ਅੱਗੇ ਝੋਲੀ ਅੱਡਣੀ ਪੈਂਦੀ ਹੈ

ਹਕੂਮਤਾਂ, ਜਦੋਂ
ਨਾਦਰਸ਼ਾਹੀ, ਲੁੱਟ ਮਚਾਂਦੀਆਂ ਹਨ
ਤਾਂ, ਉਹ, ਕਿਸਾਨਾਂ ਨੂੰ ਹੀ

ਸਭ ਤੋਂ ਪਹਿਲਾਂ, ਗੁਲਾਮੀ ਦੇ
ਸੰਗਲਾਂ ਵਿੱਚ, ਕੈਦ
ਕਰਦੀਆਂ ਹਨ

ਕਿਉਂਜੁ, ਉਹ
ਜਾਣਦੀਆਂ ਹਨ, ਅਨਾਜ ਦੇ ਭੰਡਾਰ
ਹਕੂਮਤ ਦੀ ਕੈਦ ਵਿੱਚ ਹੋਣਗੇ
ਤਾਂ, ਜਨਤਾ ਦੀ ਗਿੱਚੀ
ਉਹ, ਕਿਸੀ ਵੀ ਪਲ
ਮਰੋੜ ਸਕਣਗੇ
■

(ਸਤੰਬਰ 24, 2020, ਮਾਲਟਨ)

# ਲਾਲ ਹਨ੍ਹੇਰੀ

ਇਹ ਵੀ, ਸਾਡੇ ਹੀ
ਸਮਿਆਂ ਵਿੱਚ ਹੋਣਾ ਸੀ-

ਬੇਰਹਿਮ, ਹਕੂਮਤਾਂ ਦੀ
ਦਹਿਸ਼ਤ ਨੂੰ ਠੱਲ੍ਹ ਪਾਉਣ ਲਈ
ਕਿਸਾਨ ਅੰਦੋਲਨ ਨਾਮ ਦੀ
ਲਾਲ ਹਨ੍ਹੇਰੀ ਝੁੱਲਦਿਆਂ ਹੀ

ਸਦੀਆਂ ਤੋਂ, ਸਹਿਮੇ ਹੋਏ
ਹੱਡ-ਮਾਸ ਦੇ, ਹੱਥਾਂ ਨੇ
ਲੋਹੇ ਦੇ ਹੱਥਾਂ ਦਾ
ਰੂਪ ਵਟਾ ਲਿਆ

ਭ੍ਰਿਸ਼ਟ ਰਾਜਨੀਤੀਵਾਨਾਂ ਦੇ
ਭ੍ਰਿਸ਼ਟਾਚਾਰ ਨਾਲ ਲਿਬੜੇ
ਜਾਂਘੀਏ, ਕਿਸੇ ਵਿਸਫੋਟ
ਹੋਣ ਵਾਂਗ, ਅਚਾਨਕ
ਧਰਤੀ 'ਤੇ ਆਣ ਡਿੱਗੇ

ਯੁੱਧ-
-ਵਿਚਾਰਾਂ ਦਾ ਹੋਵੇ
-ਹਥਿਆਰਾਂ ਦਾ ਹੋਵੇ
-ਸਭਿਆਚਾਰਾਂ ਦਾ ਹੋਵੇ

ਯੁੱਧ ਭੂਮੀ 'ਚ-
ਰਹਿਮ ਨਾਮ ਦੀ, ਕੋਈ
ਸ਼ੈਅ ਨਹੀਂ ਹੁੰਦੀ

ਨ, ਤੁਸੀਂ
ਨ, ਤੁਹਾਡਾ ਕਾਤਲ ਹੀ
ਕਦੀ, ਯੁੱਧ-ਭੂਮੀ 'ਚੋਂ
ਸ਼ਰਮਿੰਦਾ ਹੋ ਕੇ, ਘਰ
ਪਰਤਣਾ ਚਾਹੇਗਾ

ਇਹ ਵੀ, ਸਾਡੇ ਹੀ
ਸਮਿਆਂ ਵਿੱਚ ਹੋਣਾ ਸੀ-

ਆਪਸ ਵਿੱਚ, ਵਿਰੋਧੀ
ਮਾਨਸਿਕਤਾਵਾਂ ਨੇ, ਇੰਝ ਹੀ
ਸੜਕਾਂ ਉੱਤੇ, ਇੱਕ ਦੂਜੀ ਨਾਲ
ਭਿੜਨਾ ਸੀ, ਇੱਕ ਦੂਜੀ ਨਾਲ
ਨਜਿੱਠਣਾ ਸੀ
■

(ਮਾਲਟਨ, ਮਾਰਚ 31, 2021)

# ਭੂਸਰੇ ਹੋਏ ਸਾਨ੍ਹ

ਪੱਕੀਆਂ, ਲਹਿਲਹਾਂਦੀਆਂ, ਫਸਲਾਂ ਨੂੰ ਤੱਕ
ਕਿਸਾਨ ਦਾ ਮਨ ਝੂਮਿਆ-

ਪਰ, ਅਗਲੇ ਹੀ ਪਲ
ਕੁਝ, ਭੂਸਰੇ ਹੋਏ ਸਾਨ੍ਹ
ਖੇਤਾਂ 'ਚ ਆਣ ਵੜੇ

ਉਨ੍ਹਾਂ, ਆਪਣੀ, ਮਾਨਸਿਕਤਾ ਦਾ
ਇਜ਼ਹਾਰ ਕਰਨ ਲਈ, ਖੇਤਾਂ 'ਚ
ਰੱਜ ਕੇ, ਘੌਰੂ ਪਾਇਆ

ਕੁਝ ਹੀ ਪਲ ਪਹਿਲਾਂ
ਪੱਕੀਆਂ, ਲਹਿਲਹਾਂਦੀਆਂ, ਫਸਲਾਂ ਨੂੰ ਤੱਕ
ਆਪਣੀਆਂ, ਅੱਖਾਂ 'ਚ ਉੱਗ ਰਹੇ
ਸੁਪਣੇ ਕਿਆਸਦਾ, ਕਿਸਾਨ
ਗੋਡਿਆਂ 'ਚ ਸਿਰ ਦੇਈ
ਹੁਣ, ਨਿੰਮੋਝੂਣਾ ਹੋ ਕੇ ਬੈਠਾ ਸੀ

ਭੂਸਰੇ ਹੋਏ ਸਾਨ੍ਹ, ਤਾਂ
ਕਈ ਦਿਨਾਂ ਤੋਂ ਹੀ, ਉਸਦੇ
ਖੇਤਾਂ ਦੁਆਲੇ ਘੁੰਮ ਰਹੇ ਸਨ

ਪਰ, ਉਸ ਨੂੰ
ਕੀ ਪਤਾ ਸੀ-

ਇਨ੍ਹਾਂ ਦੀਆਂ ਅੱਖਾਂ
ਉਸਦੇ ਹੀ ਖੇਤਾਂ 'ਚ
ਲਹਿਲਹਾਂਦੀਆਂ, ਪੱਕੀਆਂ, ਫਸਲਾਂ ਉੱਤੇ
ਟਿਕੀਆਂ ਹੋਈਆਂ ਸਨ
■

(ਮਾਲਟਨ, ਜਨਵਰੀ 26, 2021)

# ਜੱਦੋਜਹਿਦ

ਕਿਸਾਨ ਆਪਣੀ ਹੋਂਦ
ਬਰਕਰਾਰ ਰੱਖਣ ਲਈ
ਜੱਦੋਜਹਿਦ ਕਰ ਰਿਹਾ ਹੈ-

'ਠੋਕੋ ਤਾਲੀ' ਜਾਂ 'ਜੱਟਾ ਚੁੱਕ ਲੈ ਹਥਿਆਰ'
ਕਹਿਣ ਨਾਲ ਵੀ, ਹੁਣ
ਗੱਲ ਨਹੀਂ ਬਨਣੀ

ਹੁਣ, ਤਾਂ
ਸਥਿਤੀ ਇਸ ਮੋੜ
ਉੱਤੇ ਆਉਣ ਪਹੁੰਚੀ ਹੈ-
ਕਿਸਾਨ-ਮਜ਼ਦੂਰ ਨੂੰ
ਇੱਜ਼ਤ-ਮਾਣ ਨਾਲ
ਜ਼ਿੰਦਗੀ ਜਿਉਣ ਦਾ
ਹੱਕ ਹੈ ਜਾਂ
ਉਸਨੂੰ, ਪੂੰਜੀਪਤੀਆਂ ਦਾ
ਦੁੰਮ-ਛੱਲਾ ਬਣਕੇ ਹੀ
ਕਦਮ, ਕਦਮ, ਉੱਤੇ
ਰੀਂਗਦੇ ਰਹਿਣਾ
ਪਵੇਗਾ-

ਅਮੀਰਜ਼ਾਦਿਆਂ ਨੂੰ, ਤਾਂ
ਅੱਜ ਵੀ ਕਾਹਲ ਹੈ
ਅੰਬਾਨੀਆਂ ਦੇ ਕੋਲਡ ਸਟੋਰਾਂ
ਦੇ ਉਸਰਨ ਦੀ-

ਕਿਸਾਨਾਂ ਦੇ ਪੁੱਤ ਹੋਣ ਦੇ
ਉਨ੍ਹਾਂ ਦੇ ਨਾਹਰੇ, ਤਾਂ
ਮਹਿਜ਼, ਮਗਰਮੱਛਾਂ ਦੇ
ਹੰਝੂਆਂ ਤੋਂ ਵੱਧ
ਕੁਝ ਵੀ ਨਹੀਂ
■

(ਮਾਲਟਨ, ਅਕਤੂਬਰ 5, 2020)

# ਲੋਕ-ਯੁੱਧ

ਕਿੰਝ ਰੋਕਣਗੇ-
ਲੋਕਾਂ ਦੀ ਆ ਰਹੀ ਸੁਨਾਮੀ
ਮੋਦੀ, ਖੱਟਰ, ਅੰਬਾਨੀ
ਪਾਣੀ ਦੀਆਂ ਬੁਛਾਰਾਂ ਨਾਲ
ਜੇਕਰ, ਪੱਥਰਾਂ ਵਾਂਗੂੰ
ਸਖਤ ਹੋਣਗੇ ਹੌਂਸਲੇ
ਲੋਕਾਂ ਦੇ

ਐਵੇਂ ਨ ਪਰਖੀ ਜਾਏ ਹਕੂਮਤ
ਤਾਕਤ ਮਜ਼ਦੂਰਾਂ ਕਿਸਾਨਾਂ ਦੀ
ਭਗਤ, ਸਰਾਭਾ, ਊਧਮ
ਫਿਰ, ਉੱਠ ਪੈਣੇ ਨੇ
ਬਦਲੇ ਹੋਏ ਰੂਪ 'ਚ
ਵੋਟਾਂ ਦੇ

ਰਾਹ ਵਿੱਚ ਆਏ ਸਭ
ਬੈਰੀਗੇਟਾਂ ਚੀਨਾ ਚੀਨਾ ਹੋ ਜਾਣਾ
ਹੱਥ ਲਾਇਆਂ ਹੀ, ਜਦੋਂ
ਘਸੁੰਨ ਬਣਾ ਕੇ ਮਾਰਿਆ
ਮੁੱਕਾ ਤਣਿਆ, ਮੂੰਹਾਂ ਉੱਤੇ
ਲੋਕਾਂ ਦੇ

ਲੋਕਾਂ ਦੀ ਟੱਕਰ ਹੁਣ
ਲੋਕ-ਯੁੱਧ ਵਿੱਚ ਬਦਲ ਰਹੀ
ਜਿੰਨ੍ਹਾਂ ਲੋਕਾਂ ਨੂੰ ਅਟਕ ਦਰਿਆ ਵੀ
ਨ ਡੱਕ ਸਕਿਆ ਸੀ
ਕੀ ਹੈ ਵੁਕਤ ਉਨ੍ਹਾਂ ਦੇ ਸਾਹਵੇਂ
ਹੁਣ, ਭਾੜੇ ਦੀਆਂ ਸਭ
ਬੋਕਾਂ ਦੇ

ਜਿੰਨੀ ਮਰਜ਼ੀ ਰਾਤ ਹਨ੍ਹੇਰੀ
ਕਰ ਲਏ ਹਾਕਮ, ਹੁਣ
ਤਾਰੇ, ਫਿਰ ਵੀ, ਚੜ੍ਹ ਆਉਣੇ ਨੇ
ਸੰਗਲ ਸਭ ਟੁੱਟ ਜਾਣੇ ਨੇ

ਆਖਰ, ਹਰ ਗੁਲਾਮੀ, ਸਭ
ਰੋਕਾਂ ਦੇ
■
(ਮਾਲਟਨ, ਨਵੰਬਰ 25, 2020)

# ਗੱਲ-ਬਾਤ

ਗੱਲ-ਬਾਤ, ਜਾਰੀ ਰਹੇਗੀ-
ਜਦੋਂ ਤੱਕ, ਹਕੂਮਤ ਦੀ ਕੁਰਸੀ ਦੇ
ਪਾਵੇ ਸਹੀ ਸਲਾਮਤ ਰਹਿਣਗੇ

ਗੱਲ-ਬਾਤ, ਜਾਰੀ ਰਹੇਗੀ-
ਜਦੋਂ ਤੱਕ, ਦੇਸ਼ ਦੀ ਜਨਤਾ
ਕੁੰਭਕਰਨੀ ਨੀਂਦ ਸੁੱਤੀ ਰਹੇਗੀ

ਗੱਲ-ਬਾਤ, ਜਾਰੀ ਰਹੇਗੀ-
ਜਦੋਂ ਤੱਕ, ਲੋਕ ਗੱਦੀ ਉੱਤੇ ਬੈਠੇ ਹੁਕਮਰਾਨਾਂ ਨੂੰ
ਗਲੇ ਤੋਂ ਨਹੀਂ ਪਕੜ ਲੈਂਦੇ

ਗੱਲ-ਬਾਤ, ਜਾਰੀ ਰਹੇਗੀ-
ਜਦੋਂ ਤੱਕ, ਪਾਲਤੂ ਮੀਡੀਆ ਹਕੂਮਤ ਦੀ
ਪਿੱਠ ਥਾਪੜਦਾ ਰਹੇਗਾ

ਗੱਲ-ਬਾਤ, ਜਾਰੀ ਰਹੇਗੀ-
ਜਦੋਂ ਤੱਕ, ਭੁੱਖ ਅਤੇ ਪਿਆਸ ਨਾਲ ਹਾਲੋਂ-ਬੇਹਾਲ ਹੋਏ ਲੋਕ
ਬੇਬਸ ਹੋ ਕੇ ਧਰਤੀ ਉੱਤੇ ਡਿੱਗ ਨਹੀਂ ਪੈਂਦੇ

ਗੱਲ-ਬਾਤ, ਜਾਰੀ ਰਹੇਗੀ-
ਜਦੋਂ ਤੱਕ, ਸਰਮਾਇਦਾਰ ਲੁਟੇਰੇ ਹਕੂਮਤ ਨੂੰ
ਚੁਗਣ ਲਈ ਦਾਣਾਪਾਣੀ ਸੁੱਟਦੇ ਰਹਿਣਗੇ

ਗੱਲ-ਬਾਤ, ਜਾਰੀ ਰਹੇਗੀ !
ਗੱਲ-ਬਾਤ, ਜਾਰੀ ਰਹੇਗੀ !!
ਗੱਲ-ਬਾਤ, ਜਾਰੀ ਰਹੇਗੀ !!!

ਜਦੋਂ ਤੱਕ, ਪੂਰਾ ਦੇਸ਼
ਹਕੂਮਤ ਦੇ ਹੰਕਾਰੀ ਵਤੀਰੇ ਕਾਰਨ
ਅੰਧਕਾਰ ਵਿੱਚ ਡੁੱਬ ਨਹੀਂ ਜਾਂਦਾ
■

(ਮਾਲਟਨ, ਦਸੰਬਰ 5, 2020)

# ਤਾਂ, ਤੂੰ ਬਈ ਜਾਹ

ਸੈਂਕੜੇ, ਕਿਸਾਨਾਂ ਦੀਆਂ ਮੌਤਾਂ ਦੀਆਂ
ਆ ਰਹੀਆਂ, ਖਬਰਾਂ ਸੁਣ ਕੇ
ਜਿਹੜੇ, ਪੱਥਰ ਦਿਲ, ਰਾਜਨੀਤੀਵਾਨ
ਭਰੀਆਂ, ਲੋਕ-ਸਭਾਵਾਂ ਵਿੱਚ, ਖਿੜ ਖਿੜਾ ਕੇ
ਤਾੜੀਆਂ ਮਾਰਦੇ ਹਨ, ਉਨ੍ਹਾਂ ਦੇ
ਝੱਗੇ, ਜਾਂਘੀਏ, ਪਾਟ ਜਾਣ ਦਾ
ਜੇਕਰ, ਤੈਨੂੰ, ਏਨਾ ਹੀ
ਫਿਕਰ ਹੈ ਨ
ਤਾਂ, ਤੂੰ, ਬਈ ਜਾਹ-
ਮੈਨੂੰ, ਤਾਂ, ਚੰਗਾ ਲੱਗਦਾ ਹੈ
ਅਜਿਹੇ, ਬੇਰਹਿਮ, ਮੁਖੌਟਾਧਾਰੀਆਂ ਦੀ
ਅਜਿਹੀ, ਹਾਲਤ ਦਾ, ਜਸ਼ਨ ਮਨਾਉਣਾ

ਹਜ਼ਾਰਾਂ, ਅੰਦੋਲਨਕਾਰੀ ਕਿਸਾਨਾਂ ਨੂੰ
ਠੰਡੀਆਂ, ਰਾਤਾਂ 'ਚ ਸੁੰਨ ਹੁੰਦੇ ਦੇਖ
ਜਿਹੜੇ, ਬਹੁ-ਰੂਪੀਏ, ਉਨ੍ਹਾਂ ਨੂੰ
ਦੇਸ਼-ਧ੍ਰੋਹੀ, ਦੇਸ਼-ਧ੍ਰੋਹੀ, ਰਾਗ ਅਲਾਪ ਕੇ
ਆਪਣੀ, ਦਿਲਲਗੀ ਕਰਦੇ ਹਨ
ਉਨ੍ਹਾਂ, ਬਹੁ-ਰੂਪੀਆਂ ਦੀ
ਭਰੇ ਬਾਜ਼ਾਰ, ਹੁੰਦੀ ਬੇਇਜ਼ਤੀ ਦਾ
ਜੇਕਰ, ਤੈਨੂੰ, ਏਨਾ ਹੀ
ਫਿਕਰ ਹੈ ਨ
ਤਾਂ, ਤੂੰ, ਬਈ ਜਾਹ-
ਮੈਨੂੰ, ਤਾਂ, ਚੰਗਾ ਲੱਗਦਾ ਹੈ
ਅਜਿਹੇ, ਬਹੁ-ਰੂਪੀਏ, ਰਾਜਨੀਤੀਵਾਨਾਂ ਦੇ
ਮੁਖੌਟੇ ਲੀਰੋ ਲੀਰ ਹੋਣ ਦਾ, ਜਸ਼ਨ ਮਨਾਉਣਾ

ਲੱਖਾਂ, ਕਿਸਾਨਾਂ ਦੀ ਰੋਟੀ ਰੋਜ਼ੀ
ਖਤਰੇ 'ਚ ਪੈਂਦੀ ਦੇਖ
ਜਿਹੜੇ, ਭ੍ਰਿਸ਼ਟ, ਰਾਜਨੀਤੀਵਾਨ
ਅੰਬਾਨੀ, ਅੰਡਾਨੀ, ਜਿਹੇ, ਸਰਮਾਇਦਾਰਾਂ
ਲੁਟੇਰਿਆਂ, ਦਾ ਹੀ ਪੱਖ ਪੂਰਦੇ ਹਨ
ਉਨ੍ਹਾਂ, ਭ੍ਰਿਸ਼ਟ, ਰਾਜਨੀਤੀਵਾਨਾਂ ਦੀ
ਹੁੰਦੀ, ਜਨਤਕ, ਧੂਹ-ਘੜੀਸ ਦਾ

ਜੇਕਰ, ਤੈਨੂੰ, ਏਨਾ ਹੀ
ਫਿਕਰ ਹੈ ਨ
ਤਾਂ, ਤੂੰ, ਬਈ ਜਾਹ-
ਮੈਨੂੰ, ਤਾਂ, ਚੰਗਾ ਲੱਗਦਾ ਹੈ
ਅਜਿਹੇ, ਭ੍ਰਿਸ਼ਟ, ਰਾਜਨੀਤੀਵਾਨਾਂ ਦੇ ਝੂਠ ਨੂੰ
ਸਰੇਬਾਜ਼ਾਰ, ਨੰਗਿਆਂ ਹੋਣ ਦਾ, ਜਸ਼ਨ ਮਨਾਉਣਾ

ਸ਼ਾਂਤਮਈ, ਅੰਦੋਲਨਕਾਰੀ ਕਿਸਾਨਾਂ ਉੱਤੇ
ਨਿੱਤ, ਕਾਤਲਾਨਾ, ਹਮਲੇ ਹੁੰਦੇ ਦੇਖ
ਜਿਹੜੇ, ਹਕੂਮਤ ਦੇ ਝੋਲੀਚੁੱਕ
ਧਾਰਮਿਕ, ਕੱਟੜਵਾਦੀ, ਹੁੱਲੜਬਾਜ਼ਾਂ, ਫਿਰਕੂਆਂ
ਹਮਲਾਵਰਾਂ, ਦਾ ਹੀ ਪੱਖ ਪੂਰਦੇ ਹਨ
ਉਨ੍ਹਾਂ, ਹਕੂਮਤ ਦੇ ਝੋਲੀਚੁੱਕਾਂ ਦੀ
ਹੁੰਦੀ, ਥਾਂ, ਥਾਂ, ਥੂਹ, ਥੂਹ ਦਾ
ਜੇਕਰ, ਤੈਨੂੰ, ਏਨਾ ਹੀ
ਫਿਕਰ ਹੈ ਨ
ਤਾਂ, ਤੂੰ ਬਈ ਜਾਹ-
ਮੈਨੂੰ, ਤਾਂ, ਚੰਗਾ ਲੱਗਦਾ ਹੈ
ਅਜਿਹੇ, ਝੋਲੀਚੁੱਕ, ਰਾਜਨੀਤੀਵਾਨਾਂ ਦੀ
ਚੌਰਸਤਿਆਂ 'ਚ, ਲਾਹ-ਪਾਹ ਦਾ, ਜਸ਼ਨ ਮਨਾਉਣਾ

ਜੇਕਰ, ਤੂੰ, ਹਰ ਪਲ
ਹਕੂਮਤ ਦਾ, ਗੜਵੱਈ ਬਣ
ਕਿਸਾਨ ਵਿਰੋਧੀ, ਰਾਗ ਹੀ
ਅਲਾਪਣਾ ਹੈ ਨ-

ਤਾਂ, ਤੂੰ, ਬਈ ਜਾਹ !
ਤਾਂ, ਤੂੰ, ਬਈ ਜਾਹ !!
ਤਾਂ, ਤੂੰ, ਬਈ ਜਾਹ !!!
■
(ਮਾਲਟਨ, ਮਾਰਚ 30, 2021)

# ਜਸ਼ਨ

ਘਰਾਂ ਨੂੰ ਪਰਤ ਰਹੇ ਹਨ
ਬਜ਼ੁਰਗ, ਨੌਜਵਾਨ, ਬੱਚੇ, ਔਰਤਾਂ
ਇੱਕ, ਲੰਬੀ, ਮੁਸ਼ਕਿਲਾਂ ਭਰੀ
ਜੱਦੋਜਹਿਦ ਤੋਂ ਬਾਹਦ ਮਿਲੀ
ਕਿਸਾਨ-ਯੁੱਧ ਦੀ, ਜਿੱਤ ਦਾ
ਜਸ਼ਨ ਮਨਾਉਂਦੇ ਹੋਏ

ਉਨ੍ਹਾਂ ਦੇ, ਚਿਹਰਿਆਂ ਉੱਤੇ
ਰੌਣਕ ਹੈ-

ਪਰ, ਉਨ੍ਹਾਂ ਦੇ, ਜਿਸਮ
ਝੰਭ ਸੁੱਟੇ ਹਨ-
ਠਰੀਆਂ ਹੋਈਆਂ ਰਾਤਾਂ ਨੇ
ਤਪਦੀਆਂ ਦੁਪਹਿਰਾਂ ਨੇ
ਬਰਸਾਤੀ ਝੱਖੜਾਂ ਨੇ

ਕਬੰਖਤ, ਹੰਕਾਰੀ, ਘੁਮੰਡੀ
ਹਕੂਮਤੀ, ਅਹਿਲਕਾਰਾਂ ਨੇ-
ਉਨ੍ਹਾਂ ਦੀ, ਦ੍ਰਿੜਤਾ, ਸਹਿਣਸ਼ੀਤਾ, ਸਬਰ
ਪਰਖਣ ਲਈ, ਉਨ੍ਹਾਂ ਦੇ
ਰਾਹਾਂ ਵਿੱਚ, ਪੱਥਰਾਂ ਦੇ ਅੰਬਾਰ ਲਗਾ ਦਿੱਤੇ
ਸੜਕਾਂ ਵਿੱਚ, ਡੂੰਘੇ ਟੋਏ ਪੁੱਟ ਦਿੱਤੇ
ਚੌਰਸਤਿਆਂ ਵਿੱਚ, ਨੋਕੀਲੀਆਂ ਮੇਖਾਂ ਗੱਡ ਦਿੱਤੀਆਂ

ਪਰ, ਕੋਈ, ਵੀ, ਮੁਸ਼ਕਿਲ
ਕਿਸਾਨਾਂ ਦੇ, ਫੌਲਾਦੀ ਹੌਂਸਲੇ
ਤੋੜ ਨ ਸਕੀ-

ਲੋਕ, ਹੁਣ, ਉਨ੍ਹਾਂ
ਕਿਸਾਨ ਯੋਧਿਆਂ ਦੀ
ਬਹਾਦਰੀ ਅਤੇ ਹੌਂਸਲੇ ਦੀਆਂ
ਬਾਤਾਂ ਪਾਇਆ ਕਰਨਗੇ

ਉਨ੍ਹਾਂ, ਆਪਣੀ, ਦ੍ਰਿੜਤਾ ਨਾਲ

ਇੱਕ, ਨਵਾਂ, ਮਨੁੱਖੀ, ਇਤਿਹਾਸ
ਸਿਰਜ ਦਿੱਤਾ ਹੈ

ਉਨ੍ਹਾਂ, ਦਸ ਦਿੱਤਾ ਹੈ-
ਉਹ, ਭਗਤ, ਸਰਾਭੇ, ਊਧਮ, ਦੇ
ਵਾਰਿਸ ਹਨ

ਉਨ੍ਹਾਂ, ਦਸ ਦਿੱਤਾ ਹੈ-
ਉਹ, ਮਾਈ ਭਾਗੋ, ਗੁਲਾਬ ਕੌਰ, ਦੁਰਗਾ ਭਾਬੀ, ਦੇ
ਵਾਰਿਸ ਹਨ

ਉਨ੍ਹਾਂ, ਦਸ ਦਿੱਤਾ ਹੈ-
ਉਹ, ਦੁੱਲਾ ਭੱਟੀ, ਕਬੀਰ, ਰਵਿਦਾਸ, ਦੇ
ਵਾਰਿਸ ਹਨ

ਉਨ੍ਹਾਂ, ਦਸ ਦਿੱਤਾ ਹੈ-
ਉਹ, ਸ਼ੇਖ ਫਰੀਦ, ਬੁੱਲ੍ਹੇ ਸ਼ਾਹ, ਭਾਈ ਘਨੱਈਆ, ਦੇ
ਵਾਰਿਸ ਹਨ

ਉਨ੍ਹਾਂ, ਦਸ ਦਿੱਤਾ ਹੈ-
ਉਹ, ਨਲਵੇ, ਬੰਦਾ ਸਿੰਘ, ਦੀਪ ਸਿੰਘ, ਦੇ
ਵਾਰਿਸ ਹਨ

ਉਨ੍ਹਾਂ, ਦਸ ਦਿੱਤਾ ਹੈ-
ਉਹ, ਨਾਨਕ, ਤੇਗ ਬਹਾਦਰ, ਗੋਬਿੰਦ, ਦੇ
ਵਾਰਿਸ ਹਨ

ਘਰਾਂ ਨੂੰ, ਪਰਤ ਰਹੇ ਹਨ-
ਕਿਸਾਨ, ਜਿੱਤ ਦਾ
ਜਸ਼ਨ ਮਨਾਉਂਦੇ ਹੋਏ

ਕਿਸਾਨ, ਪਰਤ ਰਹੇ ਹਨ-
ਹੰਕਾਰੀ, ਰਾਜੇ ਦਾ
ਸਿਰ ਨੀਂਵਾਂ ਕਰਕੇ
ਹੰਕਾਰੀ, ਰਾਜੇ ਦੇ
ਕਿਲ੍ਹੇ ਦੇ ਕਿੰਗਰੇ ਭੋਰ ਕੇ
ਹੰਕਾਰੀ, ਰਾਜੇ ਦੀ

‘ਨਾਂਹ’ ਨੂੰ ‘ਹਾਂ’ ਵਿੱਚ
ਬਦਲ ਕੇ

ਪਰਤ ਰਹੇ ਹਨ–
ਕਿਸਾਨ, ਹਵਾ ਵਿੱਚ
ਜਿੱਤ ਦਾ, ਪਰਚਮ
ਲਹਿਰਾਉਂਦੇ ਹੋਏ
■
(ਮਾਲਟਨ, ਦਸੰਬਰ 12, 2021)

# ਅੱਛੇ ਦਿਨ ਆਉਣ ਵਾਲੇ ਹਨ

ਸਾਹਿਤਕਾਰ, ਖੁਸ਼ ਹਨ
ਅੱਛੇ ਦਿਨ ਆਉਣ ਵਾਲੇ ਹਨ-
ਸਰਕਾਰ, ਜਲਦੀ ਹੀ, ਸਾਹਿਤਕਾਰਾਂ ਨੂੰ
ਪਿਛਲੇ ਦਸ ਸਾਲਾਂ ਵਿੱਚ, ਐਲਾਨੇ ਗਏ
ਸਾਹਿਤ ਸ਼ਰੋਮਣੀ ਪੁਰਸਕਾਰਾਂ ਨਾਲ
ਇੱਕ, ਇੱਕ, ਲੱਖ ਰੁਪਏ ਦੀ
ਥੈਲੀ ਵੀ ਭੇਟਾ ਕਰੇਗੀ

ਕਿਸਾਨ, ਖੁਸ਼ ਹਨ
ਅੱਛੇ ਦਿਨ ਆਉਣ ਵਾਲੇ ਹਨ-
ਸਰਕਾਰ, ਜਲਦੀ ਹੀ, ਕਿਸਾਨਾਂ ਨੂੰ
ਕਿਸਾਨ ਯੋਜਨਾ ਅਧੀਨ, ਐਲਾਨੇ ਗਏ
ਚਾਹ ਅਤੇ ਬਿਸਕੁਟਾਂ ਦੇ ਪੈਕਟਾਂ ਨਾਲ
ਪੰਜ, ਪੰਜ, ਸਮੋਸਿਆਂ ਦੀ
ਥੈਲੀ ਵੀ ਭੇਟਾ ਕਰੇਗੀ

ਛੋਟੇ ਬੱਚੇ, ਖੁਸ਼ ਹਨ
ਅੱਛੇ ਦਿਨ ਆਉਣ ਵਾਲੇ ਹਨ-
ਸਰਕਾਰ, ਜਲਦੀ ਹੀ, ਛੋਟੇ ਬੱਚਿਆਂ ਨੂੰ
ਪਿਛਲੀਆਂ ਚੋਣ ਰੈਲੀਆਂ ਦੌਰਾਨ, ਐਲਾਨੇ ਗਏ
ਦੁਪਹਿਰ ਵੇਲੇ ਸਕੂਲਾਂ ਵਿੱਚ ਮਿਲਣ ਵਾਲੇ ਭੋਜਨ ਨਾਲ
ਹਾਜ਼ਮੇ ਦੇ ਚੂਰਨ ਦੀਆਂ ਗੋਲੀਆਂ ਦੀ
ਥੈਲੀ ਵੀ ਭੇਟਾ ਕਰੇਗੀ

ਕੁੜੀਆਂ, ਖੁਸ਼ੀ ਹਨ
ਅੱਛੇ ਦਿਨ ਆਉਣ ਵਾਲੇ ਹਨ-
ਸਰਕਾਰ, ਜਲਦੀ ਹੀ, ਕੁੜੀਆਂ ਨੂੰ
ਸ਼ਗਨ ਸਕੀਮ ਅਧੀਨ, ਐਲਾਨੇ ਗਏ
ਗੋਟਾ-ਕਿਨਾਰੀ ਵਾਲੇ ਲਾਲ ਸੂਟਾਂ ਨਾਲ
ਲਾਲ, ਲਾਲ, ਚੂੜੀਆਂ ਦੀ
ਥੈਲੀ ਵੀ ਭੇਟਾ ਕਰੇਗੀ

ਵਿਧਵਾ ਔਰਤਾਂ, ਖੁਸ਼ ਹਨ
ਅੱਛੇ ਦਿਨ ਆਉਣ ਵਾਲੇ ਹਨ-

ਸਰਕਾਰ, ਜਲਦੀ ਹੀ, ਵਿਧਵਾ ਔਰਤਾਂ ਨੂੰ
ਵਿਧਵਾ ਔਰਤ ਸਹਾਇਤਾ ਸਕੀਮ ਅਧੀਨ, ਐਲਾਨੇ ਗਏ
ਮਹੀਨੇਵਾਰ ਸਹਾਇਤਾ ਧਨ ਨਾਲ
ਸੁੱਕਾ ਦੁੱਧ, ਚਾਹ ਪੱਤੀ, ਖੰਡ ਦੀ
ਥੈਲੀ ਵੀ ਭੇਟਾ ਕਰੇਗੀ

ਅੱਛੇ ਦਿਨ, ਆਉਣ ਵਾਲੇ ਹਨ!
ਅੱਛੇ ਦਿਨ, ਆਉਣ ਵਾਲੇ ਹਨ!!
ਅੱਛੇ ਦਿਨ, ਆਉਣ ਵਾਲੇ ਹਨ!!!

ਇਸ ਜੁਮਲੇ ਨੂੰ
ਸੁਣ, ਸੁਣ, ਕੇ ਹੀ
ਜਨਤਾ, ਤਾਂ, ਅੱਧ-ਕਮਲੀ
ਹੋਈ ਪਈ ਹੈ-

ਭਾਵੇਂ, ਹਕੂਮਤ
ਇਸ ਜੁਮਲੇ ਨੂੰ
ਰਾਜਨੀਤਕ, ਭਰਮ ਜਾਲ
ਬੁਨਣ ਵਾਲੀ, ਭਾਸ਼ਾ ਦੀ
ਉਨ੍ਹਾਂ ਵੱਲੋਂ, ਕਾਢ ਕੱਢਣ
ਸਫਲ, ਵਰਤੋਂ ਕਰਨ ਦਾ
ਆਪਣਾ, ਦਾਹਵਾ
ਅਨੇਕਾਂ ਹੀ ਵਾਰ
ਕਰ ਚੁੱਕੀ ਹੈ
■

(ਮਾਲਟਨ, ਮਾਰਚ 3, 2021)

# ਕੂੜੇ ਦਾ ਢੇਰ

ਵਿਧਾਨ ਸਭਾਵਾਂ ਲਈ
ਚੁਣੇ ਗਏ ਨੁਮਾਇੰਦਿਆਂ ਦੀ
ਨਜ਼ਰ ਵਿੱਚ, ਜਦੋਂ
ਲੋਕਾਈ ਦੀ ਕੋਈ ਕੀਮਤ ਨ ਰਹੇ
ਤਾਂ, ਚੰਗਾ ਇਹੀ ਹੈ
ਲੋਕਾਈ ਵੀ, ਕੁਰਸੀਪ੍ਰਸਤ
ਖ਼ੁਦਗਰਜ਼, ਅਜਿਹੇ, ਲੋਕਾਂ ਨੂੰ
ਕੂੜੇ ਦੇ ਢੇਰ ਉੱਤੇ
ਵਗਾਹ ਮਾਰੇ, ਕੂੜਾ-ਕਰਕਟ
ਦੇ ਵਾਂਗ

ਲੋਕਾਈ ਨੂੰ ਜਾਗਣਾ ਪਵੇਗਾ
ਆਪਣੀ ਔਕਾਤ ਨੂੰ ਸਮਝਣਾ ਪਵੇਗਾ

ਜੋ, ਸੈਂਕੜੇ, ਮਾਸੂਮ, ਬੇਗੁਨਾਹ
ਲੋਕਾਂ ਦੀ ਮੌਤ ਉੱਤੇ, ਆਪਣੀ
ਅੱਖ 'ਚੋਂ, ਇੱਕ, ਹੰਝੂ ਵੀ ਨ ਕੇਰੇ
ਉਸ, ਬੇਰਹਿਮ, ਦਿਲ ਲਈ
ਰਾਹਾਂ 'ਚ ਗਲੀਚੇ
ਕਿਉਂ ਵਿਛਣ

ਜੋ, ਨਜ਼ਰਾਂ ਤੋਂ
ਲਹਿ ਗਿਆ, ਉਸ ਨੂੰ
ਕੂੜੇ ਦੇ ਢੇਰ ਉੱਤੇ ਹੀ
ਵਗਾਹ ਮਾਰੋ-

ਉਸਨੂੰ, ਉਸਦੀ
ਸਹੀ ਔਕਾਤ ਵਿੱਚ ਹੀ
ਜਿਉਣ ਦਿਓ, ਗਲਣ ਦਿਓ
■

(ਮਾਲਟਨ, ਮਾਰਚ 27, 2021)

# ਮੈਂ ਜਾਦੂਗਰ ਹਾਂ

ਮੈਂ, ਜਾਦੂਗਰ ਹਾਂ
ਮੈਂ, ਹੱਥਾਂ ਉੱਤੇ, ਆਪਣੇ
ਸਰ੍ਹੋਂ ਜਮਾ ਸਕਦਾ ਹਾਂ-

ਮੇਰੇ, ਹੱਥਾਂ ਉੱਤੇ, ਬਸ, ਤੁਸੀਂ
ਨੋਟਾਂ ਦਾ ਇੱਕ ਥੱਬਾ ਰੱਖੋ

ਲਾਲ ਕਿਲਾ, ਇੰਡੀਆ ਗੇਟ, ਕੁਤਬ ਮਿਨਾਰ
ਜਿੱਥੇ ਵੀ ਚਾਹੋ, ਜੈਸਾ ਵੀ ਚਾਹੋ, ਜਦ ਵੀ ਚਾਹੋ
ਚਿੱਟਾ, ਪੀਲਾ, ਨੀਲਾ, ਲਾਲ, ਗੁਲਾਬੀ, ਕਾਲਾ, ਮੈਂ
ਪਰਚਮ ਲਹਿਰਾ ਸਕਦਾ ਹਾਂ

ਮੈਂ, ਹੀਰੋ, ਦਸ ਨੰਬਰੀਆ, ਗੈਂਗਸਟਰ
ਪਵਨ ਪੁੱਤਰ, ਬਜਰੰਗ ਬਲੀ, ਦਾ ਚੇਲਾ
ਅੱਖਾਂ ਮੀਟ, ਮੁੰਬਈ ਤੋਂ ਦਿੱਲੀ ਆ ਸਕਦਾ ਹਾਂ
ਕਿਸੀ ਵੀ ਥਾਂ, ਅਕਾਲ ਪੁਰਖ ਦੀ, ਫ਼ੌਜ ਬੁਲਾ ਸਕਦਾ ਹਾਂ

ਧੂਮ-ਧੜੱਕਾ, ਚੀਕ-ਚਿਹਾੜਾ, ਪੁਆ ਕੇ
ਲਾਠੀ, ਗੋਲੀ, ਚਲਵਾ ਸਕਦਾ ਹਾਂ
ਦੰਗੇ-ਫਸਾਦ, ਕਤਲੇਆਮ, ਕਰਾ ਸਕਦਾ ਹਾਂ

ਮੈਂ, ਜਾਦੂਗਰ ਹਾਂ
ਮੈਂ, ਹੱਥਾਂ ਉੱਤੇ, ਆਪਣੇ
ਸਰ੍ਹੋਂ ਜਮਾ ਸਕਦਾ ਹਾਂ-

ਮੈਂ, ਕਾਰਪੋਰੇਟ ਵਰਲਡ ਦਾ, ਚੱਲਦਾ ਪੁਰਜ਼ਾ
ਸਿਖਰ ‘ਤੇ ਪਹੁੰਚੇ, ਕਿਸੇ ਅੰਦੋਲਨ ਨੂੰ ਵੀ
ਜੜ੍ਹਾਂ ਤੋਂ ਹੀ ਕਟਵਾ ਸਕਦਾ ਹਾਂ

ਟੀ.ਵੀ. ਕੈਮਰੇ ਸਾਹਮਣੇ, ਬਸ
ਬੋਲਣ ਦਾ, ਇੱਕ, ਮੌਕਾ ਦੇਵੋ
ਭਾਈ, ਭਾਈ, ਦਾ, ਇੱਕ ਦੂਜੇ ਤੋਂ
ਸਿਰ ਪੜਵਾ ਸਕਦਾ ਹਾਂ
ਬੇਦੋਸ਼ੇ, ਬੇਗੁਨਾਹ, ਲੋਕਾਂ ਨੂੰ

ਜੇਲ੍ਹਾਂ ਵਿੱਚ ਕੈਦ ਕਰਾ ਸਕਦਾ ਹਾਂ

ਮੈਨੂੰ, ਤਾਂ, ਬੱਸ, ਚੌਧਰ ਪਿਆਰੀ ਹੈ
ਸਭ ਨੂੰ ਭੰਬਲਭੂਸੇ ਪਾ ਸਕਦਾ ਹਾਂ
ਕਿਸੀ ਵੀ ਸਭਾ, ਸਮਾਰੋਹ, ਦੇ ਮੰਚ 'ਤੇ ਜਾ ਕੇ
ਧਰਮ, ਧਰਮ, ਦੀਆਂ ਕੂਕਾਂ ਮਾਰ
ਬੇਸਮਝ, ਬੇਦਿਮਾਗ਼, ਲੋਕਾਂ ਨੂੰ ਭੜਕਾਅ ਕੇ
ਬਲਦੀ ਅੱਗ 'ਤੇ ਤੇਲ ਪੁਆ ਸਕਦਾ ਹਾਂ

ਮੈਂ ਜਾਦੂਗਰ ਹਾਂ
ਮੈਂ ਹੱਥਾਂ ਉੱਤੇ, ਆਪਣੇ
ਸਰ੍ਹੋਂ ਜਮਾ ਸਕਦਾ ਹਾਂ-

ਮੇਰਾ ਰੂਪ, ਤੁਸੀਂ, ਪਹਿਚਾਣੋਗੇ ਕਿੱਦਾਂ
ਮੈਂ, ਆਪਣੇ, ਚਿਹਰੇ ਉੱਤੇ
ਹਰ ਮੌਕੇ ਦਾ, ਢੁੱਕਵਾਂ, ਕੋਈ
ਨਵਾਂ, ਮੁਖੌਟਾ ਪਾ ਸਕਦਾ ਹਾਂ
■
(ਮਾਲਟਨ, ਫਰਵਰੀ 20, 2021)

# ਨੁੱਕੜ ਨਾਟਕ

ਖਲਨਾਇਕ, ਚੌਰਸਤੇ 'ਚ, ਖੜ੍ਹ
ਸ਼ੋਰ ਪਾਉਣ ਲੱਗਾ:
ਮੇਰੀ, ਜਾਨ ਨੂੰ ਖਤਰਾ!
ਮੇਰੀ, ਜਾਨ ਨੂੰ ਖਤਰਾ!!
ਮੇਰੀ, ਜਾਨ ਨੂੰ ਖਤਰਾ!!!

ਆਪਣੇ, ਆਕਾ, ਮਾਲਕ, ਪਰਵਰਦਿਗਾਰ, ਦੀ
ਡਰੀ ਹੋਈ, ਆਵਾਜ਼ ਸੁਣ
ਦੇਸ਼ ਦੇ ਕੋਨੇ ਕੋਨੇ ਵਿੱਚ
ਗੋਦੀ ਮੀਡੀਆ ਦੇ, ਭੌਂਪੂ
ਪੂਰੇ ਜ਼ੋਰ ਨਾਲ, ਚੀਖਣ ਲੱਗੇ :
ਸਾਡੇ, ਰਹਿਨੁਮਾ ਦੀ
ਜਾਨ ਨੂੰ ਖਤਰਾ!
ਸਾਡੇ, ਨਫ਼ਰਤ ਦੇ ਵਣਜਾਰੇ ਦੀ
ਜਾਨ ਨੂੰ ਖਤਰਾ!!
ਸਾਡੇ, ਬਹੁ-ਰੂਪੀਏ ਦੀ
ਜਾਨ ਨੂੰ ਖਤਰਾ!!!

ਪਲਾਂ, ਛਿਣਾਂ, ਵਿੱਚ ਹੀ
ਕਸ਼ਮੀਰ ਤੋਂ ਕੰਨਿਆਂ ਕੁਮਾਰੀ ਤੱਕ
ਲੋਕਾਂ ਦੀ ਭੀੜ, ਹੱਥਾਂ 'ਚ
ਤ੍ਰਿਸ਼ੂਲ ਫੜ, ਖਾਕੀ ਨਿੱਕਰਾਂ ਪਾ
ਗਲੀਆਂ, ਬਾਜ਼ਾਰਾਂ, ਚੌਰਸਤਿਆਂ, ਵਿੱਚ
ਤਾਂਡਵ ਨਾਚ ਕਰਦੀ ਹੋਈ
ਆਦਮ-ਬੋਅ, ਆਦਮ-ਬੋਅ
ਕਰਨ ਲੱਗੀ-

ਸ਼ਹਿਰਾਂ, ਪਿੰਡਾਂ, ਕਸਬਿਆਂ, ਚੋਂ
ਖਤਰੇ ਨੂੰ ਦੂਰ ਕਰਨ ਲਈ
ਪੁਜਾਰੀ, ਸੜਕਾਂ ਉੱਤੇ
ਗਊ ਮਾਤਾ ਦੇ ਮੂਤਰ ਦਾ
ਛਿੜਕਾਅ ਕਰਨ ਲੱਗੇ

ਘਰਾਂ, ਬਾਜ਼ਾਰਾਂ, ਚੌਰਸਤਿਆਂ, 'ਚੋਂ

ਇਸ ਡਰ ਮਹਾਮਾਰੀ ਦੇ
ਕੀਟਾਣੂ ਮਾਰਨ ਲਈ, ਔਰਤਾਂ
ਕੰਧਾਂ ਉੱਤੇ ਗਊ ਮਾਤਾ ਦੇ
ਗੋਹੇ ਦਾ ਲੇਪ ਕਰਨ ਲੱਗੀਆਂ

ਆਪਣੇ, ਜਿਸਮਾਂ ਨੂੰ
ਡਰ ਰਹਿਤ ਕਰਨ ਲਈ, ਲੋਕ
ਬੱਕਰੀ ਦੀਆਂ ਮੇਂਗਣਾਂ
ਦੁੱਧ ਵਿੱਚ ਪਾ ਕੇ ਪੀਣ ਲੱਗੇ

ਆਪਣੇ, ਦਿਮਾਗ਼ਾਂ 'ਚੋਂ
ਡਰ ਕੱਢਣ ਲਈ, ਮੌਕਾਪ੍ਰਸਤ, ਰਾਜਨੀਤੀਵਾਨ
ਬਾਂਦਰਾਂ ਦੀਆਂ ਪੂਛਾਂ ਨੂੰ
ਝੁਕ, ਝੁਕ, ਨਮਸਕਾਰ
ਕਰਨ ਲੱਗੇ

ਸਾਰੇ ਦੇਸ਼ ਵਾਸੀਆਂ ਨੂੰ ਹੀ
ਸ਼ਕਿਜ਼ੋਫਰੇਨੀਆ ਦੀ ਹਾਲਤ 'ਚ ਦੇਖ
ਹੁਣ, ਖਲਨਾਇਕ, ਪੂਰੇ ਜ਼ੋਰ ਨਾਲ
ਹੱਸਦਿਆਂ, ਬੋਲਿਆ:

ਇਹ ਤਾਂ, ਮੇਰਾ
ਜੁਮਲਾ ਸੀ–

ਤੁਸੀਂ, ਤਾਂ, ਐਵੇਂ ਹੀ
ਇਸ ਨੂੰ, ਸੱਚ
ਸਮਝ ਬੈਠੇ
■

(ਮਾਲਟਨ, ਜਨਵਰੀ 8, 2022)

# ਰਾਜ ਸਭਾ ਦੀ ਮੈਂਬਰੀ

ਚੱਲ ਸੱਜਣਾ, ਚੱਲ
ਰਾਜ ਸਭਾ ਦਾ ਮੈਂਬਰ ਬਣੀਏ
ਇਹ ਮੌਕਾ ਨ ਖੁੰਝ ਜਾਵੇ

ਜਲਦੀ, ਜਲਦੀ, ਤੂੰ, ਵੀ
ਨਵੀਂ ਬਣੀ, ਸਰਕਾਰ ਦੇ ਵਿਰੁੱਧ
ਕੁਝ, ਅਜੀਬੋ-ਗਰੀਬ, ਕਹਿ ਕੇ
ਕੋਈ, ਭੜਕਾਹਟ ਪੈਦਾ ਕਰ ਦੇ
ਤਾਂ ਕਿ, ਸਰਕਾਰ ਦਾ ਤੇਰੇ ਵੱਲ ਵੀ
ਝੱਟ, ਧਿਆਨ ਆ ਜਾਵੇ

ਹੋਰ ਨਹੀਂ ਕੁਝ ਕਹਿ ਸਕਦਾ, ਤਾਂ
ਭਗਤ ਸਿੰਘ ਬਾਰੇ ਹੀ, ਕੋਈ
ਉਲਟਾ ਸਿੱਧਾ, ਕੋਈ ਬਿਆਨ ਦੇ ਦੇ

ਤੂੰ, ਚਾਹੇ, ਏਨਾ ਹੀ ਕਹਿ ਦੇ
ਭਗਤ ਸਿੰਘ, ਤਾਂ, ਪੱਗ ਨਹੀਂ
ਉਹ, ਤਾਂ, ਪਟਕਾ ਬੰਨ੍ਹਦਾ ਸੀ

ਉਹ, ਤਾਂ, ਪੈਂਟ ਨਹੀਂ
ਕੁੜਤਾ ਪਜਾਮਾ ਪਾਂਦਾ ਸੀ

ਉਹ, ਤਾਂ, ਬੂਟ ਨਹੀਂ
ਪੈਰਾਂ ਵਿੱਚ, ਚਪਲਾਂ ਹੀ ਪਾਂਦਾ ਸੀ

ਉਹ, ਤਾਂ, ਰਸਗੁੱਲੇ ਨਹੀਂ
ਗੁਲਾਬ ਜਾਮਨ ਖਾਂਦਾ ਸੀ

ਜੇਕਰ, ਤੂੰ, ਇੰਨਾ ਕੁ ਕਹਿ ਕੇ
ਫੇਸਬੁੱਕ ਉੱਤੇ, ਲੋਕਾਂ ਨੂੰ ਭੰਬਲਭੂਸੇ ਪਾ ਦਿੱਤਾ
ਲੋਕਾਂ ਤੈਨੂੰ ਬੁੱਧੀਜੀਵੀ ਮੰਨ ਲੈਣਾ
ਰਾਜ ਸਭਾ ਦੀ ਮੈਂਬਰੀ ਲਈ
ਤੈਨੂੰ, ਫੌਰਨ ਚੁਣ ਲੈਣਾ

ਦੇਖੀਂ, ਕਿਧਰੇ
ਇਹ, ਸੁਨਹਿਰੀ
ਮੌਕਾ ਨ ਗਵਾ ਬੈਠੀਂ
■

(ਮਾਲਟਨ, ਮਾਰਚ 18, 2022)

# 8 ਗੁੰਡੀਆਂ ਰੰਨਾਂ

8 ਗੁੰਡੀਆਂ ਰੰਨਾਂ ਨੇ
ਫੈਸਲਾ ਕੀਤਾ-
ਉਹ, ਦੇਸ਼ ਦੀ ਰਾਜਧਾਨੀ
ਦੀਆਂ ਸੜਕਾਂ ਉੱਤੇ
ਗੁੰਡਾਗਰਦੀ ਦਾ, ਤਾਂਡਵ ਨਾਚ
ਕਰਨਗੀਆਂ

ਇਸ ਕੰਮ ਵਿੱਚ, ਉਨ੍ਹਾਂ
ਆਪਣੇ, ਇਸ਼ਾਰਿਆਂ ਉੱਤੇ
ਚੱਲਣ ਵਾਲੇ, ਕੁਝ, ਗੁੰਡੇ
ਮਰਦਾਂ ਨੂੰ, ਵੀ, ਨਾਲ
ਤੋਰ ਲਿਆ

ਜਿਸ ਸਮੇਂ, ਦੇਸ਼ ਦੀ ਰਾਜਧਾਨੀ
ਆਜ਼ਾਦੀ ਜਸ਼ਨ ਵਿੱਚ ਮਦਮਸਤ ਸੀ
ਇਸ, ਗੁੰਡਾ-ਗ੍ਰੋਹ ਨੇ
ਸੜਕ ਉੱਤੇ, ਤੁਰੀ ਜਾ ਰਹੀ
ਇੱਕ, ਮਾਸੂਮ, ਨੌਜਵਾਨ, ਔਰਤ ਨੂੰ
ਜੱਫਾ ਮਾਰ ਲਿਆ

8 ਗੁੰਡੀਆਂ ਰੰਨਾਂ
ਹੁਣ, ਚੁੜੇਲਾਂ ਵਾਂਗ, ਉੱਚੀ ਉੱਚੀ
ਹੱਸਣ ਲੱਗੀਆਂ-

ਗੁੰਡੇ ਮਰਦਾਂ ਨੇ
ਮਾਸੂਮ, ਨੌਜੁਆਨ, ਔਰਤ ਦੇ
ਜਿਸਮ ਵਿੱਚ, ਆਪਣੇ, ਤਿੱਖੇ
ਨੋਕੀਲੇ, ਦੰਦ ਖੋਭ ਦਿੱਤੇ

8 ਗੁੰਡੀਆਂ ਰੰਨਾਂ
ਅਤੇ ਉਨ੍ਹਾਂ ਦੇ ਸਹਿਯੋਗੀ
ਮਰਦ ਗੁੰਡਾ-ਗ੍ਰੋਹ ਨੇ
ਮਾਸੂਮ, ਔਰਤ ਦਾ ਜਿਸਮ
ਲੀਰੋ-ਲੀਰ ਕਰ ਦਿੱਤਾ

ਖ਼ੂਨ ਨਾਲ ਲੱਥ-ਪੱਥ ਹੋਈ
ਹੰਝੂਆਂ 'ਚ ਡੁੱਬੀ
ਬੇਗੁਨਾਹ, ਮਾਸੂਮ, ਔਰਤ
ਕਮਰੇ ਦੇ ਠੰਡੇ ਫਰਸ਼ ਉੱਤੇ
ਇੱਕ, ਜਿਉਂਦੀ, ਲਾਸ਼ ਵਾਂਗ ਪਈ ਸੀ

8 ਗੁੰਡੀਆਂ ਰੰਨਾਂ
ਅਤੇ ਉਨ੍ਹਾਂ ਦੇ ਸਹਿਯੋਗੀ ਗੁੰਡੇ ਮਰਦ
ਹੁਣ, ਉਸ, ਜਿਉਂਦੀ ਲਾਸ਼ ਦੁਆਲੇ
ਵਹਿਸ਼ੀ ਨਾਚ ਨੱਚਣ ਲੱਗੇ
ਹਵਾ ਵਿੱਚ ਬਾਹਾਂ ਉਲਾਰ ਉਲਾਰ
ਵਹਿਸ਼ੀ ਨਾਹਰੇ ਬੁਲੰਦ ਕਰਨ ਲੱਗੇ :
ਕਿਸੀ ਵਿੱਚ ਜੁਰੱਤ ਨਹੀਂ
ਜੋ, ਸਾਨੂੰ, ਗੁੰਡਾਗਰਦੀ ਕਰਨ ਤੋਂ ਰੋਕ ਸਕੇ
ਪੁਲਿਸ ਵੀ ਸਾਡੇ ਹੱਥਾਂ ਦੇ
ਇਸ਼ਾਰਿਆਂ ਉੱਤੇ ਨੱਚਦੀ ਹੈ
ਸ਼ਹਿਰ ਦੇ ਰਾਜਨੀਤੀਵਾਨ
ਸਾਡੇ ਪਾਲਤੂ ਕਤੂਰੇ ਹਨ
ਅਸੀਂ ਹਾਂ, ਦੇਸੀ ਦਾਰੂ ਦੇ
ਬਾਦਸ਼ਾਹ-
ਅਸੀਂ ਹਾਂ, ਸ਼ਹਿਰ ਦੇ
ਗੁੰਡਾ ਦਲਾਂ ਦੇ ਬਾਦਸ਼ਾਹ
ਅਸੀਂ ਹਾਂ, ਸ਼ਹਿਰ ਵਿੱਚ ਦਰਿੰਦਗੀ ਦਾ
ਤਾਂਡਵ ਨਾਚ ਕਰਨ ਦੇ ਬਾਦਸ਼ਾਹ
■

(ਫਰਵਰੀ 3, 2022, ਮਾਲਟਨ)

# ਖੁੱਲ੍ਹ

ਸ਼ਹਿਰ ਦੇ ਲੇਖਕ, ਬੁੱਧੀਜੀਵੀ, ਚਿੰਤਕ
ਖੁਸ਼ ਸਨ, ਹਕੂਮਤ ਨੇ, ਉਨ੍ਹਾਂ ਨੂੰ
ਹੁਣ, ਕਿੰਨ੍ਹੀ, ਖੁੱਲ੍ਹ
ਦੇ ਦਿੱਤੀ ਸੀ-

ਹੁਣ, ਉਨ੍ਹਾਂ ਨੂੰ, ਕਿਸੀ ਵੀ
ਗੱਲ ਦਾ, ਭੈਅ ਨਹੀਂ ਸੀ

ਉਹ, ਹਕੂਮਤ ਦੇ, ਕਿਸੇ ਵੀ
ਕੰਮ ਦਾ, ਖੁੱਲ੍ਹ ਕੇ, ਵਿਰੋਧ
ਕਰ ਸਕਦੇ ਸਨ

ਹਕੂਮਤ ਨੇ, ਖੁਫ਼ੀਆ ਏਜੰਸੀਆਂ ਦੇ
ਕਰਿੰਦਿਆਂ ਨੂੰ ਜ਼ਿੰਮੇਵਾਰੀ
ਸੌਂਪ ਦਿੱਤੀ ਸੀ-
ਹੁਣ, ਉਹੀ, ਸ਼ਹਿਰ ਦੇ
ਅਦੀਬਾਂ ਦੇ, ਹਰ, ਸਮਾਰੋਹ ਦੀ
ਰਹਿਨੁਮਾਈ ਕਰਦੇ ਸਨ

ਹੁਣ, ਸ਼ਹਿਰ ਦਾ, ਕੋਈ ਵੀ
ਲੇਖਕ, ਬੁੱਧੀਜੀਵੀ, ਚਿੰਤਕ
ਆਪਣੇ ਆਪ ਨੂੰ, ਦਿਸ਼ਾਹੀਨ
ਮਹਿਸੂਸ ਨਹੀਂ ਕਰਦਾ ਸੀ

ਖੁਫ਼ੀਆ ਏਜੰਸੀਆਂ ਦੇ ਕਰਿੰਦੇ
ਉਨ੍ਹਾਂ ਨੂੰ, ਹਕੂਮਤੀ ਏਜੰਡੇ ਦੀ, ਮੰਨੂਵਾਦੀ
ਚਾਸ਼ਨੀ ਵਿੱਚ ਡੁੱਬੇ, ਭਾਸ਼ਨਾਂ ਦੀਆਂ
ਗੋਲੀਆਂ ਦਾ ਚੂਰਨ ਵੰਡਦੇ

ਮੰਨੂਵਾਦੀ ਗਿਆਨ ਦੀਆਂ ਗੋਲੀਆਂ ਦੀ
ਮਹਿਜ਼, ਮਾਨਸਿਕ, ਛੋਹ ਨਾਲ ਹੀ
ਲੇਖਕਾਂ, ਬੁੱਧੀਜੀਵੀਆਂ, ਚਿੰਤਕਾਂ ਦੇ
ਮਨਾਂ ਵਿੱਚ, ਉੱਠੇ ਹਕੂਮਤ ਪ੍ਰਤੀ
ਵਿਦਰੋਹ ਦੇ ਤੂਫ਼ਾਨ, ਪਲਾਂ ਛਿਣਾਂ ਵਿੱਚ ਹੀ

ਸ਼ਾਂਤ ਹੋ ਜਾਂਦੇ

ਸ਼ਹਿਰ ਦੇ, ਲੇਖਕ, ਬੁੱਧੀਜੀਵੀ, ਚਿੰਤਕ
ਖੁਸ਼ ਸਨ, ਹਕੂਮਤ ਦਾ ਖੁਫ਼ੀਆ-ਤੰਤਰ
ਉਨ੍ਹਾਂ ਦੇ ਵਿਚਾਰਾਂ ਦੇ ਵਧਣ-ਫੁੱਲਣ
ਦਿਸ਼ਾਹੀਣ ਹੋਣ ਵਿੱਚ, ਉਨ੍ਹਾਂ ਉੱਤੇ
ਕਿੰਨਾ ਮਿਹਰਬਾਨ ਸੀ
■

(ਮਾਲਟਨ, ਨਵੰਬਰ 1, 2021)

# ਬੇਸੁਰੇ ਲੋਕ

ਉਹ, ਤੁਰ ਪਏ
ਸੰਗਤ ਨੂੰ ਦਸਣ
ਧਰਮ ਦੇ ਅਰਥ

ਕਿਸੀ, ਖੰਭੇ ਉੱਤੇ
ਰੰਗਦਾਰ, ਪਰਚਮ
ਲਹਿਰਾ ਕੇ

ਉਹ, ਬੇਸੁਰੇ ਹੀ ਹੋਣਗੇ
ਜਿਨ੍ਹਾਂ ਨੂੰ, ਏਨਾਂ ਕੁ ਵੀ
ਪਤਾ ਨਹੀਂ ਸੀ-

ਧਰਮ, ਤਾਂ, ਪਲ, ਪਲ
ਮੁੱਖ ਤੋਂ ਉਚਰੀ, ਤੁਹਾਡੀ
ਇੱਕ, ਇੱਕ, ਆਵਾਜ਼
ਸ਼ਬਦ, 'ਚੋਂ ਝਲਕਦਾ ਹੈ

ਧਰਮ, ਤਾਂ, ਚੌਗਿਰਦੇ 'ਚ
ਭੁੱਖ ਨਾਲ ਕਰਾਹ ਰਹੇ
ਲੋਕਾਂ ਨਾਲ, ਤੁਹਾਡੇ
ਰਿਸ਼ਤੇ 'ਚੋਂ ਝਲਕਦਾ ਹੈ

ਧਰਮ, ਤਾਂ, ਰਾਹ 'ਚ
ਪਿਆਸ ਨਾਲ ਮਰ ਰਹੇ
ਮਨੁੱਖਾਂ ਵੱਲ, ਤੁਹਾਡੇ
ਵਤੀਰੇ 'ਚੋਂ ਝਲਕਦਾ ਹੈ

ਧਰਮ, ਤਾਂ, ਜ਼ਿੰਦਗੀ 'ਚ
ਚਿੱਟੇ, ਕਾਲੇ, ਪੀਲੇ, ਲਾਲ
ਮਨੁੱਖਾਂ ਨਾਲ, ਤੁਹਾਡੇ
ਤੁਰਨ 'ਚੋਂ ਝਲਕਦਾ ਹੈ

ਧਰਮ, ਤਾਂ, ਦੱਬੇ-ਕੁਚਲਿਆਂ ਨਾਲ
ਇੱਕ ਹੀ ਪੰਗਤ 'ਚ, ਧਰਤੀ 'ਤੇ ਬੈਠ

ਜ਼ਿੰਦਗੀ ਦੇ ਹਰ ਜਸ਼ਨ 'ਚ, ਤੁਹਾਡੇ
ਘੁਲਮਿਲ ਜਾਣ 'ਚੋਂ ਝਲਕਦਾ ਹੈ

ਉਹ, ਬੇਸੁਰੇ ਹੀ ਹੋਣਗੇ
ਜੋ, ਤੁਰ ਪਏ-

ਧਰਮ ਦੇ ਅਰਥ ਲੱਭਣ
ਕਿਸੀ, ਖੰਭੇ ਉੱਤੇ
ਰੰਗਦਾਰ, ਪਰਚਮ
ਲਹਿਰਾ ਕੇ
■

(ਮਾਲਟਨ, ਮਾਰਚ 16, 2021)

# ਕਰੋਨਾ ਸੁਨਾਮੀ

ਕਰੋਨਾ, ਤਾਂ
ਕਿਤੇ ਨਹੀਂ ਗਿਆ ਸੀ-

ਅਸੀਂ, ਹੀ
ਐਂਵੇਂ, ਖੁਸ਼ੀ ਵਿੱਚ ਚਾਂਗਰਾਂ
ਮਾਰਦੇ ਹੋਏ, ਬੜਕਾਂ
ਮਾਰਨ ਲੱਗ ਪਏ ਸੀ :

ਕਿੱਥੇ ਹੈ, ਕਰੋਨਾ
ਦਿੱਖਦਾ ਨਹੀਂ, ਕਿਤੇ

ਲੋਕ, ਸੜਕਾਂ, ਬਾਜ਼ਾਰਾਂ, ਚੌਰਸਤਿਆਂ, ਵਿੱਚ
ਬੇਖੌਫ਼, ਘੁੰਮ ਰਹੇ ਸਨ-
ਕਰੋਨਾ ਦੇ ਨਾਮ ਉੱਤੇ
ਤਰ੍ਹਾਂ ਤਰ੍ਹਾਂ ਦੇ ਲਤੀਫ਼ੇ
ਸੁਣਾਉਂਦੇ ਹੋਏ

ਰਾਜਨੀਤੀਵਾਨਾਂ ਨੇ ਵੀ ਸਮਝ ਲਿਆ ਸੀ
ਕਰੋਨਾ ਤੁਰ ਗਿਆ ਹੋਣਾ-
ਚੀਨ ਵਾਲੇ ਪਾਸੇ, ਜਿਧਰੋਂ
ਕੁਝ ਲੋਕਾਂ ਦਾ, ਅਨੁਮਾਨ ਸੀ
ਸ਼ਾਇਦ, ਇਹ ਆਇਆ ਹੋਣਾ

ਰਾਜਨੀਤੀਵਾਨ, ਬੰਗਾਲ, ਤਾਮਿਲ ਨਾਡੂ, ਆਸਾਮ
ਪ੍ਰਾਂਤਾਂ ਵਿੱਚ, ਨਿੱਤ, ਚੋਣ ਮਹਾਂ-ਰੈਲੀਆਂ
ਕਰ ਕਰਕੇ, ਕਰੋਨਾ ਨੂੰ
ਦੰਦੀਆਂ ਚਿੜਾਣ ਲੱਗੇ

ਰਾਜਨੀਤੀਵਾਨਾਂ ਨੇ, ਤਾਂ
ਇੱਥੋਂ ਤੱਕ ਵੀ, ਕਹਿ ਦਿੱਤਾ ਸੀ-
ਗੰਗਾ ਮਈਆ, ਤੂੰ, ਉਨ੍ਹਾਂ ਸਭ
ਸ਼ਰਧਾਲੂਆਂ ਉੱਤੇ ਮਿਹਰਬਾਨ ਰਹੀਂ
ਜੋ, ਲੱਖਾਂ ਦੀ ਗਿਣਤੀ ਵਿੱਚ
ਕੁੰਭ ਮੇਲੇ 'ਚ ਸ਼ਾਮਿਲ ਹੋ

ਤੇਰੇ ਪਵਿੱਤਰ ਪਾਣੀਆਂ ਵਿੱਚ
ਡੁਬਕੀਆਂ ਲਗਾਉਣ ਆ ਰਹੇ ਹਨ

ਅਤੇ, ਅਸੀਂ-
ਅੰਧ-ਭਗਤ, ਧਾਰਮਿਕ ਸ਼ਰਧਾ ਦੀ ਜ਼ਹਿਰ ਪੀ ਪੀ
ਮਧਹੋਸ਼ ਹੋਏ, ਵੱਡੇ ਵੱਡੇ, ਜਨ-ਸਮੂਹ ਬਣਾ ਬਣਾ
ਲੱਖਾਂ ਦੀ ਗਿਣਤੀ ਵਿੱਚ, ਜਾ ਪਹੁੰਚੇ
ਗੰਗਾ ਮਈਆ ਦੇ ਕਿਨਾਰੇ

ਗੰਗਾ ਮਈਆ ਦੇ ਪਾਣੀਆਂ ਵਿੱਚ
ਕਰੋਨਾ ਮਹਾਮਾਰੀ ਦੇ ਕੀਟਾਣੂੰ ਮਿਲਾ ਮਿਲਾ, ਅਸੀਂ
ਇਸਦੇ ਪਾਣੀਆਂ ਨੂੰ ਪਵਿੱਤਰ ਕਰਨ ਲੱਗੇ

ਕਰੋਨਾ ਵੀ, ਜਿਵੇਂ
ਬੱਸ, ਅਜਿਹੇ, ਕਿਸੇ, ਮੌਕੇ ਦੀ ਹੀ
ਤਲਾਸ਼ ਵਿੱਚ ਹੋਵੇ

ਉਹ, ਵੀ, ਝੱਟ
ਆ ਪ੍ਹੁੰਚਿਆ, ਸੁਨਾਮੀ
ਬਣ ਕੇ

ਹੁਣ-
ਸਾਹ ਲੈਣ ਨੂੰ ਵੀ ਤਰਸਦੇ
ਲੋਕਾਂ ਦੀ ਜ਼ੁਬਾਨ ਉੱਤੇ
ਬੱਸ, ਇੱਕ ਹੀ ਸ਼ਬਦ
ਹਰ ਪਾਸੇ, ਗੂੰਜਦਾ ਸੀ-
'ਆਕਸੀਜ਼ਨ'

ਰਾਜਨੀਤੀਵਾਨਾਂ ਦੀਆਂ, ਚੰਦਰੀਆਂ
ਕਮੀਨਗੀ ਭਰੀਆਂ, ਰਾਜਸੀ ਅੰਤਰੀਵ ਇਛਾਵਾਂ ਨੇ
ਸਾਰੇ ਦੇਸ ਨੂੰ ਹੀ, ਇੱਕ
ਵੱਡਾ, ਕਬਰਸਤਾਨ
ਬਣਾ ਦਿੱਤਾ ਸੀ

ਸ਼ਹਿਰ, ਸ਼ਹਿਰ, ਪਿੰਡ, ਪਿੰਡ
ਕਬਰਸਤਾਨਾਂ ਵਿੱਚ ਸੜ ਰਹੀਆਂ
ਮਨੁੱਖੀ ਲਾਸ਼ਾਂ 'ਚੋਂ ਉੱਠਦੇ

ਚਿੰਗਾਰੇ ਵੀ, ਜਿਵੇਂ
ਬੱਸ, ਕਹਿ ਰਹੇ ਹੋਣ :

ਕਬਰਾਂ ਉਡੀਕਦੀਆਂ
ਜਿਉਂ ਪੁੱਤਰਾਂ ਨੂੰ ਮਾਵਾਂ
■

(ਮਾਲਟਨ, ਅਪ੍ਰੈਲ 23, 2021)

# ਚੱਲ ਬੁੱਲ੍ਹਿਆ....

ਚੱਲ ਬੁੱਲ੍ਹਿਆ, ਚੱਲ
ਓਸ ਯੂਨੀਵਰਸਿਟੀ ਵਿੱਚ ਚੱਲੀਏ, ਜਿੱਥੇ
ਫੈਲਿਆ ਹੋਵੇ ਪੰਜਾਬੀ ਸਾਹਿਤਕ ਭਰਿਸ਼ਟਾਚਾਰ

ਜਿੱਥੇ, ਹਰ ਦਿਨ ਪ੍ਰੋਫੈਸਰ
ਰੱਜੇ ਹੋਣ ਵਿਸਕੀ ਨਾਲ, ਜਿੱਥੇ ਔਰਤਾਂ ਨਾਲ
ਪ੍ਰੋਫੈਸਰ, ਕਰਦੇ ਹੋਣ ਨਿੱਤ ਸੈਕਸ ਵਿਉਪਾਰ

ਚੱਲ ਬੁੱਲ੍ਹਿਆ, ਚੱਲ
ਓਸ ਯੂਨੀਵਰਸਿਟੀ ਵਿੱਚ ਚੱਲੀਏ, ਜਿੱਥੇ
ਪ੍ਰੋਫੈਸਰ, ਵਿਸ਼ਵ ਪੰਜਾਬੀ ਸੰਮੇਲਨਾਂ ਦੇ
ਅਣਪੜ੍ਹਾਂ, ਘੜੰਮ ਚੌਧਰੀਆਂ, ਦੀਆਂ ਪੂਛਾਂ ਬਣ ਕੇ
ਵਿਦੇਸ਼ ਯਾਤਰਾ ਕਰਨ ਦੀ ਲਾਲਸਾ ਵਿੱਚ
ਆਪਣੀਆਂ ਪਿੱਠਾਂ ਉੱਤੇ ਝਾੜੂ ਦੇ ਤੀਲੇ
ਗੰਦ ਨਾਲ ਭਰਕੇ, ਲੈਣ ਖਿਲਾਰ

ਚੱਲ ਬੁੱਲ੍ਹਿਆ, ਚੱਲ
ਓਥੇ ਚੱਲੀਏ, ਜਿੱਥੇ ਪ੍ਰੋਫੈਸਰ
ਅਮਰੀਕਾ, ਕੈਨੇਡਾ, ਯੂ.ਕੇ., ਦੀ ਯਾਤਰਾ ਦੀ
ਲਾਲਸਾ ਖਾਤਰ, ਭਾਸ਼ਾ ਵਿਭਾਗ ਦੇ
ਸ਼੍ਰੋਮਣੀ ਸਾਹਿਤਕਾਰ ਪੁਰਸਕਾਰਾਂ ਦੇ, ਲੈਣ ਦੇਣ ਦਾ
ਕਰਦੇ ਹੋਣ, ਡਾਲਰਾਂ-ਰੁਪੱਈਆਂ ਵਿੱਚ, ਵਿਉਪਾਰ

ਚੱਲ ਬੁੱਲ੍ਹਿਆ, ਚੱਲ
ਓਸ ਯੂਨੀਵਰਸਿਟੀ ਵਿੱਚ ਚੱਲੀਏ, ਜਿੱਥੇ
ਪ੍ਰੋਫੈਸਰਾਂ ਨੇ, ਡਿਗਰੀਆਂ ਵੇਚਣ-ਖਰੀਦਣ ਦਾ
ਖੋਹਲਿਆ ਹੋਏ ਬਾਜ਼ਾਰ

ਜਿੱਥੇ, ਸਾਹਿਤ ਅਕੈਡਮੀ ਦਿੱਲੀ ਦਾ, ਇਨਾਮ
ਲੈਣ ਦੀ ਖਾਤਰ, ਲੋਕੀਂ, ਹੋਟਲਾਂ ਵਿੱਚ
ਭੁੱਲ ਆਉਂਦੇ ਹੋਣ, ਆਪਣੀ, ਸਲਵਾਰ
■

(ਜੂਨ 9, 2021, ਮਾਲਟਨ)

# ਚੱਲ ਦਿਲਾ...

ਚੱਲ ਦਿਲਾ, ਚੱਲ
ਸ਼ਰੋਮਣੀ ਸਾਹਿਤਕਾਰ ਐਵਾਰਡ
ਲੁੱਟਣ ਚੱਲੀਏ
ਸੱਜਣਾਂ ਵੀ ਲੁੱਟ ਲੈਣਾ
ਭਾਵੇਂ, ਢਾਈ ਲੱਖ ਰੁਪਿਆ ਦੇਣਾ ਪੈ ਜਾਏ
ਕੰਮ ਇਹ ਕਰਨਾ ਪੈਣਾ

ਪੁੱਛ ਲਵਾਂਗੇ
ਡਾਲਰ, ਪੌਂਡ, ਲੈਣੇ ਜਾਂ ਰੁਪਿਆਂ ਵਿੱਚ
ਕੰਮ ਚੱਲ ਜਾਸੀ
ਇਹ ਪੁੱਛਣਾ ਵੀ ਪੈਣਾ ਯਾਰੋ
ਇਸ ਬਿਜ਼ਨਸ ਵਿੱਚ
ਕੌਣ ਬਣੇਗਾ ਮਾਮਾ, ਤਾਇਆ, ਫੁੱਫੜ
ਕੌਣ ਬਣੇਗੀ ਚਾਚੀ, ਭੂਆ, ਬੇਬੇ
ਕੌਣ ਬਣੇਗੀ ਆਂਟੀ, ਭਾਬੀ, ਮਾਸੀ

ਸ਼ਹਿਰ ਪਟਿਆਲਾ ਪਤਾ ਹੈ ਸਭ ਨੂੰ
ਮਿਲਣ ਦੀ ਥਾਂ ਦਾ
ਯੂਨੀਵਰਸਿਟੀ ਵਿਭਾਗ ਵੀ ਪੁੱਛ ਲਈਏ
ਸ਼ਿਵਾਜ਼ ਰੀਗਲ ਵਿਸਕੀ ਦੀ ਬੋਤਲ
ਵਿੱਚ ਬੈਗ ਦੇ ਪਾ ਕੇ, ਰਾਹ ਵਿੱਚ ਪੈਂਦੇ
ਗਰੀਨ ਹੋਟਲ ਤੋਂ, ਬੱਕਰੇ ਦਾ ਮਗਜ਼
ਤੰਦੂਰੀ ਮੁਰਗਾ ਜਾਂ ਮੱਛੀ ਵੀ, ਲੈ ਲਈਏ

ਸੌਦਾ ਪੱਕਾ ਕਰਕੇ ਆਉਣਾ
ਭਾਵੇਂ, ਡਿਜ਼ਨੀਲੈਂਡ, ਲੰਡਨ ਬਰਿੱਜ, ਨਿਆਗਰਾ ਫਾਲਜ਼, ਦੀ
ਮਿੱਤਰਾਂ ਨੂੰ ਸੈਰ ਕਰਾਉਣੀ ਪੈ ਜਾਏ
ਪਰ, ਸ਼ਰੋਮਣੀ ਸਾਹਿਤਕਾਰ ਐਵਾਰਡ ਲੈਣ ਦੀ
ਰੀਝ, ਅਸਾਡੀ, ਕਿਤੇ, ਦਿਲ ਵਿੱਚ ਹੀ ਨ ਰਹਿ ਜਾਏ

ਇਹ ਲੈ ਯਾਰਾ, ਕੈਨੇਡਾ, ਅਮਰੀਕਾ, ਯੂ.ਕੇ., ਦੀ ਸੈਰ ਦੇ ਕਾਗਜ਼
ਤੇਰੇ ਹਵਾਲੇ ਕੀਤੇ, ਹੁਣ, ਤੂੰ, ਸਾਡੇ ਲਈ
ਸ਼੍ਰੋਮਣੀ ਸਾਹਿਤਕਾਰ ਐਵਾਰਡ ਦਿਵਾਉਣ ਦੇ
ਖੋਲ੍ਹ ਦੇ, ਆਪਣੇ, ਬੁੱਲ ਸੀਤੇ ■ (ਮਾਲਟਨ, ਜੂਨ 13, 2021)

# ਫੇਸਬੁੱਕ

ਫੇਸਬੁੱਕ ਉੱਤੇ ਲੇਖਕ ਤਾਂ ਰੱਖੇ ਹੋਏ ਨੇ
ਬੱਚਿਆਂ ਦੇ ਜਨਮ ਦਿਨ ਦੀਆਂ ਵਧਾਈਆਂ ਦੇਣ ਨੂੰ
ਲਿਖਤਾਂ ਤਾਂ ਪੜਦਾ ਕੋਈ ਕੋਈ ਐ

ਫੇਸਬੁੱਕ ਉੱਤੇ ਲੇਖਕ ਤਾਂ ਰੱਖੇ ਹੋਏ ਨੇ
ਨਾਈਸ ਕਲਿਕ ਨਾਈਸ ਕਲਿਕ ਕਹਿਣ ਨੂੰ
ਲਿਖਤਾਂ ਤਾਂ ਪੜਦਾ ਕੋਈ ਕੋਈ ਐ

ਫੇਸਬੁੱਕ ਉੱਤੇ ਲੇਖਕ ਤਾਂ ਰੱਖੇ ਹੋਏ ਨੇ
ਐਨੀਵਰਸਰੀ ਦੀਆਂ ਤਸਵੀਰਾਂ ਲਗਵਾਉਣ ਨੂੰ
ਲਿਖਤਾਂ ਤਾਂ ਪੜਦਾ ਕੋਈ ਕੋਈ ਐ

ਫੇਸਬੁੱਕ ਉੱਤੇ ਲੇਖਕ ਤਾਂ ਰੱਖੇ ਹੋਏ ਨੇ
ਤਰੰਨਮ ਤਰੰਨਮ ਕਰਨ ਨੂੰ
ਲਿਖਤਾਂ ਤਾਂ ਪੜਦਾ ਕੋਈ ਕੋਈ ਐ

ਫੇਸਬੁੱਕ ਉੱਤੇ ਲੇਖਕ ਤਾਂ ਰੱਖੇ ਹੋਏ ਨੇ
ਧੜੇਬੰਦੀ ਬਨਾਉਣ ਨੂੰ
ਲਿਖਤਾਂ ਤਾਂ ਪੜਦਾ ਕੋਈ ਕੋਈ ਐ

ਫੇਸਬੁੱਕ ਉੱਤੇ ਲੇਖਕ ਤਾਂ ਰੱਖੇ ਹੋਏ ਨੇ
ਬੇਬੇ ਜੀ ਬੇਬੇ ਜੀ ਕਹਿਣ ਨੂੰ
ਲਿਖਤਾਂ ਤਾਂ ਪੜਦਾ ਕੋਈ ਕੋਈ ਐ

ਫੇਸਬੁੱਕ ਉੱਤੇ ਲੇਖਕ ਤਾਂ ਰੱਖੇ ਹੋਏ ਨੇ
ਬਾਪੂ ਜੀ ਬਾਪੂ ਜੀ ਕਹਿਣ ਨੂੰ
ਲਿਖਤਾਂ ਤਾਂ ਪੜਦਾ ਕੋਈ ਕੋਈ ਐ

ਫੇਸਬੁੱਕ ਉੱਤੇ ਲੇਖਕ ਤਾਂ ਰੱਖੇ ਹੋਏ ਨੇ
ਵੈਬੀਨਾਰ ਨੁਮਾ ਕੀਰਤਨ ਕਰਵਾਉਣ ਨੂੰ
ਲਿਖਤਾਂ ਤਾਂ ਪੜ੍ਹਦਾ ਕੋਈ ਕੋਈ ਐ
■

(ਮਾਲਟਨ, ਅਕਤੂਬਰ 18, 2020)

# ਡੁਗਡੁਗੀ

ਮਦਾਰੀ ਦੀ, ਡੁਗਡੁਗੀ
ਬੱਸ, ਵੱਜਣੀ ਸ਼ੁਰੂ, ਤਾਂ
ਹੋਣ ਦਿਓ-

ਇਨਾਮਾਂ-ਸਨਮਾਨਾਂ ਪਿੱਛੇ
ਆਪਣੇ, ਮੂੰਹਾਂ 'ਚੋਂ, ਸਲੂਣੀ
ਰਾਲ ਡੇਗਣ ਵਾਲੇ
ਲੰਬੀਆਂ ਕਤਾਰਾਂ ਵਿੱਚ ਦੌੜਦੇ
ਸਾਹੋ ਸਾਹ ਹੋਏ
ਡੁਗਡੁਗੀ ਦੀ, ਹਰ ਤਾਲ ਉੱਤੇ
ਨੱਚਣ ਦਾ, ਕੋਈ ਵੀ, ਪਲ
ਬਿਰਥਾ ਨਹੀਂ ਜਾਣ ਦੇਣਗੇ

ਉਹ, ਸਭ
ਦਾਰਸ਼ਨਿਕ ਚਿਹਰਿਆਂ ਵਾਲੇ
ਉਹ, ਸਭ
ਸ਼ਹਿਰ ਦੇ ਪਤਵੰਤੇ
ਲੇਖਕ, ਕਲਾਕਾਰ, ਬੁੱਧੀਜੀਵੀ, ਪੱਤਰਕਾਰ
ਭੇਡਾਂ ਵਾਂਗ, ਆਪਣੇ, ਸਿਰ ਨਿਵਾਈ
ਕਦੀ, ਨਾਗਪੁਰੀ ਸੰਤਰਿਆਂ ਦੀ
ਮਹਿਮਾ ਵਿੱਚ, ਅਲਾਪ ਕਰਦੇ ਸੁਣਾਈ ਦੇਣਗੇ
ਕਦੀ, ਬਾਪੂ ਦੇ ਬਾਂਦਰਾਂ ਦੀ
ਉਸਤਤ ਵਿੱਚ, ਕਸੀਦੇ ਗਾਉਂਦੇ ਮਿਲਣਗੇ
ਕਦੀ, ਧਾਰਮਿਕ ਮੱਠਾਂ ਦੀ
ਚੌਂਕੜੀ ਭਰਦੇ, ਜੈ ਜੈ ਕਾਰ ਕਰਦੇ ਦਿਸਣਗੇ

ਮਦਾਰੀ ਦੀ, ਡੁਗਡੁਗੀ
ਬੱਸ, ਵੱਜਣੀ ਸ਼ੁਰੂ, ਤਾਂ
ਹੋਣ ਦਿਓ-

ਸੜਕਾਂ ਉੱਤੇ, ਬਿਨ੍ਹਾਂ ਸਿਰਾਂ ਦੇ
ਧੜਾਂ ਦੀ, ਲੰਬੀ ਕਤਾਰ ਦੌੜਦੀ
ਤੁਹਾਨੂੰ, ਨਜ਼ਰ ਆਏਗੀ-
ਹਰ ਤਰਫ਼, ਹਰ ਚੌਰਸਤੇ 'ਚ ■ (ਮਾਲਟਨ, ਅਕਤੂਬਰ 1, 2022)

# ਕਵਿਤਾ ਦੀ ਮੌਤ ਦੀ ਖਬਰ

ਕਵਿਤਾ ਮਰਨ ਲੱਗੀ, ਤਾਂ
ਉਸ ਨੇ, ਬੜੀ ਹੀ
ਸੋਗਵਾਰ ਆਵਾਜ਼ ਵਿੱਚ ਕਿਹਾ :
ਮੇਰੇ ਮਰਨ ਬਾਹਦ, ਮੈਨੂੰ
ਕਿਤਾਬ ਰੂਪ ਵਿੱਚ ਸਾਂਭ
ਕਿਸੀ, ਵਿਸ਼ਵ-ਵਿਦਿਆਲੇ ਵਿੱਚ ਬੈਠੇ
ਕਿਸੀ, ਸਾਹਿਤ-ਪਾਰਖੂ ਦੇ ਹਵਾਲੇ ਕਰ ਆਉਣਾ

ਪਰ, ਯਾਦ ਰੱਖਣਾ-
ਮੇਰਾ ਸਸਕਾਰ ਕਰਨ ਲਈ
ਸਾਹਿਤ-ਪਾਰਖੂ ਦੀ ਜੇਹਬ ਵਿੱਚ
ਡਾਲਰਾਂ/ਪੌਂਡਾਂ/ਰੁਪਿਆਂ ਦੀ ਭਰੀ ਥੈਲੀ
ਪਾਉਣੀ ਨ ਭੁੱਲ ਜਾਣਾ

ਬਿਨਾਂ, ਕਿਸੀ, ਸੰਗ-ਸ਼ਰਮ ਦੇ
ਸਾਹਿਤ-ਪਾਰਖੂ ਨੂੰ, ਤੰਦੂਰੀ ਮੁਰਗਾ
ਜਾਨੀ ਵਾਕਰ ਵਿਸਕੀ ਦੀ ਬੋਤਲ ਵੀ
ਇਹ ਕਹਿਕੇ, ਫੜਾ ਆਉਣਾ :
ਕਵਿਤਾ ਦਾ ਸਸਕਾਰ ਕਰਨ ਤੋਂ ਬਾਹਦ
ਮਨ ਹੌਲਾ ਕਰਨ ਲਈ
ਯਾਰਾਂ-ਸੰਗ ਬੈਠ, ਦੋ ਦੋ ਪੈੱਗ
ਲਗਾ ਲੈਣਾ-

ਕਵਿਤਾ ਦੇ ਮਰਨ ਦੇ ਗ਼ਮ ਵਿੱਚ
ਤਰੰਨਮ ਵਿੱਚ ਆ ਕੇ, ਜ਼ਰਾ
ਕੁਝ, ਕੀਰਨੇ ਵੀ ਪਾ ਲੈਣਾ

ਕਾਲੇ ਸੂਫ਼ ਦੇ ਘੱਗਰੇ ਪਾ ਕੇ
ਵੈਣ ਪਾਉਣ ਵਾਲੀਆਂ, ਕੁਝ
ਸਾਹਿਤ-ਕਰਮਨਾਂ ਵੀ ਮਿਲ ਜਾਣ
ਤਾਂ, ਉਨਾਂ ਨੂੰ ਵੀ, ਆਪਣੇ
ਗੈਂਗ ਵਿੱਚ ਰਲਾ ਲੈਣਾ

ਹੋ ਸਕੇ, ਤਾਂ, ਕਵਿਤਾ ਦੀ

ਮੌਤ ਦਾ ਐਲਾਨ, ਕਿਸੀ
ਪੰਜਾਬੀ ਸਾਹਿਤ ਅਕੈਡਮੀ, ਭਾਸ਼ਾ ਵਿਭਾਗ
ਕਿਸੀ, ਕੇਂਦਰੀ ਸਾਹਿਤ ਸਭਾ ਦੇ
ਦਫ਼ਤਰ ਤੋਂ ਵੀ ਕਰਵਾ ਦੇਣਾ

ਆਖਿਰ-
ਕਵਿਤਾ ਦੀ ਮੌਤ ਦੀ
ਖਬਰ, ਕੋਈ
ਨਜ਼ਰਅੰਦਾਜ਼ ਕਰਨ ਵਾਲਾ
ਮਸਲਾ, ਤਾਂ
ਨਹੀਂ
■

(ਅਕਤੂਬਰ 3, 2022, ਮਾਲਟਨ)

# ਬੁੱਢਾ ਜਾਦੂਗਰ ਆਖਦਾ ਹੈ

ਬੁੱਢਾ ਜਾਦੂਗਰ ਆਖਦਾ ਹੈ :
ਤੂੰ, ਨਾਗਪੁਰੀ ਸੰਤਰਿਆਂ ਦਾ
ਰਸ ਕੱਢਣ ਜੋਗਾ ਤਾਂ ਹੋ
ਤੇਰੇ ਅੱਗੇ, ਵੀ, ਨਾਗਪੁਰੀ, ਸੰਤਰਿਆਂ ਦਾ
ਟੋਕਰਾ ਧਰ ਦਿਆਂਗੇ

ਬੁੱਢਾ ਜਾਦੂਗਰ ਆਖਦਾ ਹੈ :
ਮੈਂ, ਜਿਸ ਕਵੀ ਨੂੰ ਵੀ ਕਲਾ ਪ੍ਰੀਸ਼ਦ ਦਾ ਪ੍ਰਧਾਨ ਬਣਾਇਆ
ਮੈਂ, ਜਿਸ ਕਵੀ ਨੂੰ ਵੀ ਸਾਹਿਤ ਅਕੈਡਮੀ ਦਾ ਪ੍ਰਧਾਨ ਬਣਾਇਆ
ਮੈਂ, ਜਿਸ ਕਵੀ ਨੂੰ ਵੀ ਭਾਸ਼ਾ ਵਿਭਾਗ ਸਲਾਹਕਾਰ ਕਮੇਟੀ ਵਿੱਚ ਵਾੜਿਆ
ਮੈਂ, ਉਸ ਨੂੰ ਪਹਿਲਾਂ ਹੀ ਏਨਾਂ ਭ੍ਰਿਸ਼ਟ ਕਰ ਦਿੱਤਾ
ਉਹ, ਕੁਝ, ਬੋਲਣ ਜੋਗਾ ਹੀ ਨ ਰਹੇ

ਬੁੱਢਾ ਜਾਦੂਗਰ ਆਖਦਾ ਹੈ :
ਨਾਗਪੁਰੀ, ਸੰਤਰਿਆਂ ਦੇ ਰਸ ਦਾ ਅਸਰ ਹੀ ਐਸਾ ਹੁੰਦਾ ਹੈ
ਲੇਖਕ/ਕਲਾਕਾਰ/ਬੁੱਧੀਜੀਵੀ ਰਸ ਪੀਣ ਤੋਂ ਬਾਹਦ ਬੇਅਕਲ ਹੋ ਜਾਂਦਾ ਹੈ
ਉਹ, ਬੁੱਢੇ ਜਾਦੂਗਰ ਦੇ ਪਿੱਛੇ ਪਿੱਛੇ ਭੇਡਾਂ ਵਾਂਗ ਮੈਂ ਮੈਂ ਕਰਦਾ ਜਾਂਦਾ ਹੈ
ਉਹ, ਬਸ, ਤਰੰਨਮ, ਤਰੰਨਮ, ਤਰੰਨਮ, ਦਾ ਅਲਾਪ ਕਰਨ ਜੋਗਾ ਰਹਿ ਜਾਂਦਾ ਹੈ
ਉਹ, ਜ਼ਿੰਦਗੀ ਦੇ ਹੋਰ ਸਭ ਸਲੀਕੇ ਭੁੱਲ ਜਾਂਦਾ ਹੈ

ਬੁੱਢਾ ਜਾਦੂਗਰ ਆਖਦਾ ਹੈ :
ਤੂੰ, ਧਾਰਮਿਕ ਮੱਠਾਂ ਦਾ ਜੀ ਹਜ਼ੂਰੀਆ ਤਾਂ ਬਣ
ਤੇਰੇ ਵੀ ਸਿਰ ਉਤੇ, ਕਿਸੇ ਠੱਗ ਸੰਤ ਬਾਬੇ ਦੇ, ਅਸ਼ੀਰਵਾਦ ਦਾ ਹੱਥ ਧਰ ਦਿਆਂਗੇ
ਤੇਰੇ ਵੀ ਅੱਗੇ, ਧਰਮੀ ਮੱਠਾਂ ਦੀ ਗੋਲਕੀ ਲੁੱਟ ਦੀ ਹਿੱਸਾ-ਪੱਤੀ ਧਰ ਦਿਆਂਗੇ
ਤੇਰੇ ਵੀ ਅੱਗੇ, ਧਰਮੀ ਮੱਠਾਂ ਦੀ ਲੁੱਟ 'ਚੋਂ ਬਣੇ ਕੋਠੀਆਂ ਬੰਗਲੇ ਧਰ ਦਿਆਂਗੇ
ਤੇਰੇ ਵੀ ਅੱਗੇ, ਕਿਸੀ ਧਰਮੀ ਮੱਠ ਦੀ ਚੌਧਰ ਦਾ ਸਿੰਘਾਸਨ ਧਰ ਦਿਆਂਗੇ

ਬੁੱਢਾ ਜਾਦੂਗਰ ਆਖਦਾ ਹੈ :
ਮੈਂ ਤੇਰੀਆਂ ਸਭ ਰੀਝਾਂ, ਉਮੰਗਾਂ, ਜਾਣਦਾ ਹਾਂ
ਤੂੰ, ਗਾਂਧੀ ਦੀ ਬੱਕਰੀ ਚੋਣ ਜੋਗਾ ਤਾਂ ਹੋ
ਤੇਰੇ ਵੀ ਅੱਗੇ, ਬੱਕਰੀ ਚੋਣ ਲਈ ਬਾਲਟੀ ਧਰ ਦਿਆਂਗੇ
ਤੇਰੇ ਵੀ ਅੱਗੇ, ਕੱਤਣ ਲਈ ਗਾਂਧੀ ਦਾ ਚਰਖਾ ਧਰ ਦਿਆਂਗੇ

ਬੁੱਢਾ ਜਾਦੂਗਰ ਆਖਦਾ ਹੈ :

ਤੂੰ, ਆਪਣੀ ਹੀ, ਸ਼ਾਇਰੀ ਨੂੰ
ਸਵਾਹ ਦੀ ਢੇਰੀ ਕਰਨ ਜੋਗਾ, ਤਾਂ, ਹੋ
ਤੇਰੇ ਵੀ ਅੱਗੇ, ਤੀਲਾਂ ਵਾਲੀ
ਖ਼ੂਬਸੂਰਤ, ਕੋਈ, ਮਾਚਿਸ ਦੀ ਡੱਬੀ
ਗੈਸ ਦਾ, ਭਰਿਆ, ਕੋਈ, ਸਿਲੰਡਰ
ਧਰ ਦਿਆਂਗੇ

■

(ਮਾਲਟਨ, ਅਕਤੂਬਰ 7, 2022)

# ਭਟਕ ਰਹੀ ਆਤਮਾ

ਭਟਕ ਰਹੀ ਹੈ ਆਤਮਾ
ਥਾਂ, ਥਾਂ-
ਉਸ ਨੂੰ, ਕੁਝ ਵੀ
ਪਤਾ ਨਹੀਂ ਲੱਗ ਰਿਹਾ, ਉਹ
ਕਿਸ, ਡਰੀਮ ਲੌਂਜ ਦੀ, ਗੁਫ਼ਾ 'ਚ ਜਾ
ਸਹਿਜ ਆਸਣ ਲਗਾਵੇ-
ਭਾਰਤੀ ਸਾਹਿਤਕ ਹਲਵਾਈਆਂ ਵੱਲੋਂ
ਭਾਰਤੀ ਮਿਥਿਹਾਸ ਦੀਆਂ ਪੰਚਤਾਂਤ੍ਰਿਕ ਕਹਾਣੀਆਂ ਦੀ
ਜੁਗਾਲੀ ਕਰ, ਜੁਗਾੜੀ ਚਾਸ਼ਨੀ ਵਿੱਚ
ਡੋਬ, ਡੋਬ, ਬਣਾਈਆਂ, ਗਾਲਪਨਿਕ
ਰਸਦਾਰ, ਜਲੇਬੀਆਂ ਦਾ ਜ਼ਾਇਕਾ ਲੈਣ ਲਈ

ਭਟਕ ਰਹੀ ਹੈ ਆਤਮਾ
ਥਾਂ, ਥਾਂ-
ਸਾਹਿਤ ਅਕੈਡਮੀਆਂ, ਕੇਂਦਰੀ ਲੇਖਕ ਸਭਾਵਾਂ
ਵਿਸ਼ਵਵਿਦਿਆਲਿਆਂ, ਦੇ ਦਫਤਰਾਂ ਵਿੱਚ
ਜਿੱਥੇ, ਕਿਤੇ ਵੀ, ਜੁਗਾੜਤੰਤਰ ਨੇ
ਡਰੀਮ ਲੌਂਜ ਦੀਆਂ, ਗੁਫ਼ਾਵਾਂ ਸਿਰਜੀਆਂ ਹਨ
ਸਹਿਜ ਆਸਣ ਲਗਾਉਣ ਲਈ
ਇਨਾਮਾਂ-ਸਨਮਾਨਾਂ ਲਈ, ਰੰਗ-ਬਿਰੰਗੇ
ਸਿਰੋਪੇ ਖਰੀਦਣ ਲਈ

ਭਟਕ ਰਹੀ ਹੈ ਆਤਮਾ
ਥਾਂ, ਥਾਂ-
ਸਾਹਿਤਕ ਮਹੰਤਾਂ ਨੇ, ਜਿੱਥੇ ਕਿਤੇ ਵੀ
ਸਾਹਿਤਕ ਮੱਠਾਂ ਦੇ, ਤਹਿਖਾਨਿਆਂ ਵਿੱਚ
ਡਰੀਮ ਲੌਂਜ ਦੀਆਂ, ਗੁਫ਼ਾਵਾਂ ਸਿਰਜੀਆਂ ਹਨ
ਜਿੱਥੇ, ਮੰਡੀ ਲੱਗਦੀ ਹੈ, ਜਿਸਮਾਂ ਦੀ
ਖ਼੍ਰੀਦੋ-ਫ਼੍ਰੋਖਤ ਕਰਨ ਲਈ, ਡਾਲਰਾਂ, ਪੌਂਡਾਂ, ਰੁਪਿਆਂ ਦੇ
ਢੇਰ ਲਗਾਉਣ ਲਈ, ਜਾਂ, ਜਿੱਥੇ
ਸ਼ਿਵਾਜ਼ ਰੀਗਲ ਵਿਸਕੀ ਦੀਆਂ ਬੋਤਲਾਂ ਦੀਆਂ
ਭਰੀਆਂ ਪੇਟੀਆਂ ਦਾ ਚੜ੍ਹਾਵਾ
ਚੜ੍ਹਦਾ ਹੈ, ਸਾਹਿਤਕ

## ਮਹੰਤਾਂ ਦੇ ਦੁਆਰ 'ਤੇ

ਭਟਕ ਰਹੀ ਹੈ ਆਤਮਾ
ਥਾਂ, ਥਾਂ–
ਡਰੀਮ ਲੌਂਜ ਦੀਆਂ, ਗੁਫ਼ਾਵਾਂ ਵਿੱਚ
ਸਹਿਜ ਆਸਣ ਲਗਾਉਣ ਦੀਆਂ ਜੁਗਤਾਂ ਦੱਸਣ ਵਾਲੇ
ਸਾਹਿਤਕ, ਮਹੰਤਾਂ ਦੀ ਤਲਾਸ਼ ਵਿੱਚ, ਜੋ
ਜੁਗਾਂ, ਜੁਗਾਂ, ਤੋਂ, ਪਰਖੇ ਹੋਏ
ਸਾਂਸਕ੍ਰਿਤਕ ਮੰਤਰਾਂ ਦਾ
ਜਾਪ ਕਰਨਾ ਦਸਦੇ ਹਨ, ਰੌਚਿਕ
ਬ੍ਰਿਤਾਂਤ ਸਿਰਜ ਕੇ, ਜੋ, ਤੁਹਾਨੂੰ
ਸੜਕਾਂ, ਬਾਜ਼ਾਰਾਂ, ਚੌਰਸਤਿਆਂ, ਵਿੱਚ
ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਨਾਲ ਹੋ ਰਹੇ
ਯੁੱਧ ਦੀ ਥਾਂ, ਤੁਹਾਡੇ, ਕੰਨਾਂ ਵਿੱਚ
ਮੁੰਦਰਾਂ ਪੁਆ, ਗੁਫ਼ਾਵਾਂ ਵੱਲ ਧੱਕਣ ਲਈ
ਸਹਿਜ ਆਸਣ ਲਗਾਉਣ ਦੀਆਂ
ਜੁਗਤਾਂ ਦੱਸਦੇ ਹਨ

ਭਟਕ ਰਹੀ ਹੈ ਆਤਮਾ
ਥਾਂ, ਥਾਂ–
ਇਨਾਮਾਂ-ਸਨਮਾਨਾਂ, ਸਿਰੋਪਿਆਂ, ਦੀ ਤਲਾਸ਼ ਵਿੱਚ
ਡਰੀਮ ਲੌਂਜ ਦੀਆਂ, ਗੁਫ਼ਾਵਾਂ ਵਿੱਚ
ਸਹਿਜ ਆਸਣ ਲਗਾਉਣ ਦੀਆਂ
ਇਛਾਵਾਂ, ਮਨ ਵਿੱਚ ਜਗਾਅ
■

(ਮਾਲਟਨ, ਅਕਤੂਬਰ 13, 2022)

# ਬੁੱਕਲ ਦੇ ਸੱਪ

ਬੁੱਕਲ ਦੇ ਸੱਪ ਹੀ
ਸਭ ਤੋਂ ਵੱਧ, ਖਤਰਨਾਕ ਹੁੰਦੇ ਹਨ-

ਉਨ੍ਹਾਂ ਨੂੰ ਹੀ
ਕੀਲ ਕੇ, ਪਟਾਰੀ ਵਿੱਚ ਬੰਦ ਕਰਨਾ
ਸਭ ਤੋਂ, ਮੁਸ਼ਕਿਲ
ਕੰਮ ਹੁੰਦਾ ਹੈ

ਬੁੱਕਲ ਦੇ ਸੱਪ-
ਤਰ੍ਹਾਂ ਤਰ੍ਹਾਂ ਦੇ, ਮੁਖੌਟੇ ਪਹਿਣ ਕੇ
ਵਿਚਰਦੇ ਹਨ

ਉਹੀ, ਹਰ ਪਲ
ਤੁਹਾਡੇ, ਕਰੀਬ ਬੈਠਦੇ ਹਨ
ਉਹੀ, ਹਰ ਪਲ
ਸ਼ਹਿਦ ਦੀ ਚਾਸ਼ਨੀ ਭਰੇ
ਸ਼ਬਦਾਂ ਦੀ ਜ਼ਹਿਰ
ਤੁਹਾਡੀ, ਹੋਂਦ ਦੇ ਖਿਲਾਫ਼
ਚੌਗਿਰਦੇ 'ਚ ਘੋਲਦੇ ਹਨ
ਉਹੀ, ਹਰ ਪਲ
ਸਾਹਿਤਕ ਸਮਾਰੋਹਾਂ ਦੀ ਭੀੜ 'ਚ
ਕੈਮਰੇ ਦੀ ਅੱਖ ਅੱਗੇ
ਆਪਣੇ, ਚਿਹਰਿਆਂ ਉੱਤੇ
ਰੇਸ਼ਮੀ ਮੁਸਕਰਾਹਟਾਂ ਪਹਿਣ
ਕਲੋਲਾਂ ਕਰਨੀਆਂ ਜਾਣਦੇ ਹਨ

ਬੁੱਕਲ ਦੇ ਸੱਪ-
ਕਦੀ, ਸਾਹਿਤਕ ਅਦਾਰਿਆਂ 'ਚ
ਸਾਹਿਤਕ ਗੈਂਗਸਟਰਾਂ ਦਾ ਮੁਖੌਟਾ
ਪਹਿਣ ਕੇ ਆਉਂਦੇ ਹਨ
ਕਦੀ, ਵਿਸ਼ਵ ਸੰਮੇਲਨਾਂ 'ਚ
ਸਾਹਿਤਕ ਖਲਨਾਇਕਾਂ ਦਾ
ਸ਼ੜਯੰਤਰ ਬਣਕੇ ਆਉਂਦੇ ਹਨ
ਕਦੀ, ਸਾਹਿਤਕ ਸਮਾਰੋਹਾਂ 'ਚ

ਨਾਗਣੀਆਂ ਦਾ ਰੂਪ ਧਾਰ
ਸਾਹਿਤਕ ਮੰਚਾਂ ਉੱਤੇ, ਕੁਰਸੀਆਂ ਦੀਆਂ
ਲੱਤਾਂ ਦੁਆਲੇ ਵਲੇਂਵੇਂ ਪਾ ਕੇ
ਆਪਣੀ ਹੋਂਦ ਜਿਤਲਾਉਂਦੇ ਹਨ

ਬੁੱਕਲ ਦੇ ਸੱਪ-
ਨਾਟਕ ਦੀ ਹਰ ਮੁਦਰਾ
ਜਾਣਦੇ ਹਨ

ਬੁੱਕਲ ਦੇ ਸੱਪ-
ਆਪਣੀ, ਹੋਂਦ ਜਿਤਲਾਉਣ ਲਈ
ਹਰ ਪਲ ਦੀ, ਅਹਿਮੀਅਤ
ਪਹਿਚਾਣਦੇ ਹਨ
■

(ਮਾਲਟਨ, ਅਕਤੂਬਰ 25, 2022)